**ਵੈੱਬਸਾਈਟ**
ਪੰਜਾਬ ਸਟਾਰ ਇੰਟਰਨੈੱਟ 'ਤੇ ਵੀ ਹਰ ਰੋਜ਼ ਪੜ੍ਹ ਸਕਦੇ ਹੋ
www.punjabstar.com
PUNJAB STAR TV





**ਅੰਦਰਲੀ ਖ਼ਬਰ**
ਤੁਰਕੀ ਵਿਖੇ ਸਕੂਲ 'ਚ ਸਾਬਕਾ ਵਿਦਿਆਰਥੀ ਨੇ ਕੀਤੀ ਗੋਲੀਬਾਰੀ 16 ਜ਼ਖ਼ਮੀ, ਹਮਲਾਵਰ ਨੇ ਖ਼ੁਦ ਨੂੰ ਵੀ ਮਾਰੀ ਗੋਲੀ 05

**ਅੰਦਰਲੀ ਖ਼ਬਰ**
ਅਫ਼ਗਾਨਿਸਤਾਨ 'ਚ ਹੜ੍ਹਾਂ ਤੇ ਮੀਂਹ ਕਾਰਨ 110 ਦੀ ਮੌਤ, 160 ਹੋਰ ਜ਼ਖ਼ਮੀ ਤੇ ਸੱਤ ਲੋਕ ਅਜੇ ਵੀ ਲਾਪਤਾ 07





ਪੰਨਾ ਨੰ.:6 **ਲੇਖ**
ਹਰ ਵਸਤੂ ਵਿਕਾਊ ਨਹੀਂ ਹੁੰਦੀ...?



PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611
16 ਅਪ੍ਰੈਲ ਤੋਂ 22 ਅਪ੍ਰੈਲ, 2026
Email :- editor@punjabstar.com, Vo. 20. Issue:1233


## ਕਾਰਨੀ ਅਤੇ ਪੌਲੀਏਵ ਵਿਚਾਲੇ ਹੋਈ ਤਿੱਖੀ ਬਹਿਸ



ਓਟਾਵਾ ਬਰੈਂਪਟਨ (ਬਲਜਿੰਦਰ ਸੇਖਾ):: ਮਾਰਕ ਕਾਰਨੀ ਅਤੇ ਪੀਅਰ ਪੌਲੀਏਵ ਵਿਚਕਾਰ ਬੁੱਧਵਾਰ ਨੂੰ ਸੰਸਦ ਵਿੱਚ ਹੋਈ ਬਹਿਸ ਨੇ ਰਾਜਨੀਤਿਕ ਮਾਹੌਲ ਨੂੰ ਗਰਮਾ ਦਿੱਤਾ। ਇਹ ਬਹਿਸ 'ਕਵੈਸ਼ਚਨ ਪੀਰੀਅਡ' ਦੌਰਾਨ ਹੋਈ, ਜੋ ਉਸ ਸਮੇਂ ਖਾਸ ਬਣ ਗਈ ਜਦੋਂ ਦੋਵੇਂ ਨੇਤਾਵਾਂ ਨੇ ਇਕ-ਦੂਜੇ 'ਤੇ ਆਰਥਿਕ ਸਮਝ ਨੂੰ ਲੈ ਕੇ ਤਨਜ਼ ਕੱਸੇ। ਦਰਅਸਲ, ਇਸ ਤੋਂ ਪਹਿਲਾਂ ਪੋਇਲੀਵਰ ਨੇ ਕੈਨੇਡੀਅਨ *ਬਾਕੀ ਸਫ਼ਾ 2 'ਤੇ

## ਟੋਰਾਂਟੋ ਡਾਊਨਟਾਊਨ ਨਗਰ ਕੀਰਤਨ 26 ਅਪ੍ਰੈਲ ਦਿਨ ਐਤਵਾਰ ਨੂੰ






ਸਟਾਰ ਨਿਊਜ਼:- ਉਨਟੈਰੀਓ ਸਿੱਖਸ ਐਂਡ ਗੁਰਦੁਆਰਾ ਕੌਂਸਲ ਵਲੋਂ ਇਸ ਸਾਲ ਦੇ 327ਵੇਂ ਖ਼ਾਲਸਾ ਸਾਜਨਾ ਦਿਵਸ ਸਬੰਧੀ ਮਹਾਨ ਨਗਰ ਕੀਰਤਨ 26 ਅਪ੍ਰੈਲ 2026 ਦਿਨ ਐਤਵਾਰ ਨੂੰ ਟੋਰਾਂਟੋ ਡਾਊਨਟਾਊਨ ਵਿਖੇ ਅਯੋਜਿਤ ਕੀਤਾ ਜਾ ਰਿਹਾ ਹੈ। ਕੈਨੇਡਾ ਵਿੱਚ ਅਪ੍ਰੈਲ ਮਹੀਨੇ ਨੂੰ ਸਿੱਖ ਹੈਰੀਟੇਜ ਮੰਥ ਵਜੋਂ ਵੀ ਮਨਾਇਆ ਜਾਂਦਾ ਹੈ। ਅਪ੍ਰੈਲ ਮਹੀਨੇ ਵਿੱਚ ਹੀ ਪਿਛਲੇ ਲੰਬੇ ਸਮੇਂ ਤੋਂ ਉਨਟੈਰੀਓ ਸਿੱਖਸ ਐਂਡ ਗੁਰਦੁਆਰਾ *ਬਾਕੀ ਸਫ਼ਾ 2 'ਤੇ

# ਅੰਡੇਮਾਨ ਸਾਗਰ 'ਚ ਪਲਟੀ ਕਿਸ਼ਤੀ

## ਮਲੇਸ਼ੀਆ ਜਾ ਰਹੇ 250 ਰੋਹਿੰਗਿਆ-ਬੰਗਲਾਦੇਸ਼ੀ ਲਾਪਤਾ!



ਢਾਕਾ, (ਪੰਜਾਬ ਸਟਾਰ ਬਿਊਰੋ): ਸੰਯੁਕਤ ਰਾਸ਼ਟਰ ਦੀਆਂ ਸ਼ਰਨਾਰਥੀ ਅਤੇ ਪ੍ਰਵਾਸ ਏਜੰਸੀਆਂ ਅਨੁਸਾਰ, ਮਲੇਸ਼ੀਆ ਜਾ ਰਹੀ ਇੱਕ ਕਿਸ਼ਤੀ ਅੰਡੇਮਾਨ ਸਾਗਰ ਵਿੱਚ ਪਲਟ ਜਾਣ ਕਾਰਨ ਰੋਹਿੰਗਿਆ ਸ਼ਰਨਾਰਥੀਆਂ ਅਤੇ ਬੰਗਲਾਦੇਸ਼ੀ ਨਾਗਰਿਕਾਂ ਸਮੇਤ ਘੱਟੋ-ਘੱਟ 250 ਲੋਕ ਲਾਪਤਾ ਹਨ। ਬੰਗਲਾਦੇਸ਼ ਕੋਸਟ ਗਾਰਡ ਦੇ ਬੁਲਾਰੇ ਲੈਫਟੀਨੈਂਟ ਕਮਾਂਡਰ ਸਬੀਰ ਆਲਮ ਸੁਜ਼ਾਨ ਨੇ ਬੁੱਧਵਾਰ ਨੂੰ 'ਦਿ ਐਸੋਸੀਏਟਿਡ ਪ੍ਰੈਸ' ਨੂੰ ਦੱਸਿਆ ਕਿ 9 ਅਪ੍ਰੈਲ ਨੂੰ ਤਿੰਨ ਰੋਹਿੰਗਿਆ ਅਤੇ ਛੇ ਬੰਗਲਾਦੇਸ਼ੀਆਂ ਸਮੇਤ ਨੌਂ ਲੋਕਾਂ ਨੂੰ ਬਚਾਇਆ ਗਿਆ ਸੀ। ਸੁਜ਼ਾਨ ਨੇ ਦੱਸਿਆ ਕਿ ਬੰਗਲਾਦੇਸ਼ੀ ਜਹਾਜ਼ 'ਐਮ.ਟੀ. ਮੇਘਨਾ ਪ੍ਰਾਈਡ' ਨੇ ਇਨ੍ਹਾਂ ਨੌਂ ਲੋਕਾਂ ਨੂੰ ਉਸ ਸਮੇਂ ਬਚਾਇਆ ਜਦੋਂ ਅਮਲੇ ਨੇ ਉਨ੍ਹਾਂ ਨੂੰ ਕਿਸ਼ਤੀ ਪਲਟਣ ਤੋਂ ਬਾਅਦ ਸਮੁੰਦਰ ਵਿੱਚ ਤੈਰਦੇ ਪਾਇਆ।

ਕਿਸ਼ਤੀ ਕਦੋਂ ਡੁੱਬੀ ਅਤੇ ਬੁੱਧਵਾਰ ਨੂੰ ਤਲਾਸ਼ੀ ਮੁਹਿੰਮ ਦੀ ਸਥਿਤੀ ਕੀ ਸੀ, ਇਸ ਬਾਰੇ ਅਜੇ ਸਪੱਸ਼ਟ ਨਹੀਂ ਹੈ। ਸੰਯੁਕਤ ਰਾਸ਼ਟਰ ਸ਼ਰਨਾਰਥੀ ਹਾਈ ਕਮਿਸ਼ਨਰ (UNHCR) ਅਤੇ ਅੰਤਰਰਾਸ਼ਟਰੀ ਪ੍ਰਵਾਸ ਸੰਗਠਨ (IOM) ਨੇ ਮੰਗਲਵਾਰ ਨੂੰ ਇੱਕ ਸਾਂਝੇ ਬਿਆਨ ਵਿੱਚ ਕਿਹਾ ਕਿ ਇਹ ਟ੍ਰਾਲਰ ਦੱਖਣੀ ਬੰਗਲਾਦੇਸ਼ ਦੇ ਕਾਕਸ ਬਾਜ਼ਾਰ ਜ਼ਿਲ੍ਹੇ ਦੇ ਟੇਕਨਾਫ ਤੋਂ ਵੱਡੀ ਗਿਣਤੀ ਵਿੱਚ ਯਾਤਰੀਆਂ *ਬਾਕੀ ਸਫ਼ਾ 2 'ਤੇ

## ਤਿੰਨੇ ਉਪ-ਚੋਣਾਂ ਜਿੱਤ ਕੇ ਕਾਰਨੀ ਸਰਕਾਰ ਨੇ ਬਹੁਮੱਤ ਹਾਸਲ ਕੀਤਾ



(ਬਲਜਿੰਦਰ ਸੇਖਾ)
ਸੋਮਵਾਰ ਨੂੰ ਹੋਈਆਂ ਤਿੰਨ ਸੰਸਦੀ ਉਪ ਚੋਣਾਂ ਲਿਬਰਲ ਪਾਰਟੀ ਦੀ ਝੋਲੀ ਪੈਣ ਨਾਲ ਮਾਰਕ ਕਾਰਨੀ ਸਰਕਾਰ ਨੇ ਬਹੁਮੱਤ ਹਾਸਲ ਕਰ ਲਿਆ ਹੈ। ਆਪਣੇ ਕਾਰਜਕਾਲ ਦਾ ਪਹਿਲਾ ਸਾਲ ਬਿੱਲ ਪਾਸ ਕਰਾਉਣ ਲਈ ਹੋਰ ਪਾਰਟੀਆਂ ਵੱਲ ਝਾਕਣ ਤੋਂ ਬਾਦ ਹੁਣ ਸਰਕਾਰ ਵਲੋਂ ਰਹਿੰਦਾ ਕਾਰਜਕਾਲ (ਤਿੰਨ ਸਾਲ) ਅਸਾਨੀ ਨਾਲ ਪੂਰਾ ਕਰ ਲਿਆ ਜਾਏਗਾ ਅਤੇ ਕਿਸੇ ਵੀ ਸਮੇਂ ਮੱਧਕਾਲੀ ਚੋਣਾਂ ਦੀ ਸੰਭਾਵਨਾ ਖ਼ਤਮ ਹੋ ਗਈ ਹੈ। ਦੇਰ ਰਾਤ ਆਏ ਨਤੀਜਿਆਂ ਚੋਂ ਪਹਿਲਾ ਨਤੀਜਾ ਯੂਨੀਵਰਸਿਟੀ ਰੋਜ਼ਡੇਲ (ਉਨਟਾਰੀਓ) ਦਾ ਆਇਆ ਜਿਸ ਵਿੱਚ ਲਿਬਰਲ ਪਾਰਟੀ ਦੀ ਉਮੀਦਵਾਰ ਡੈਨੀਅਲ ਮਾਰਟਿਨ ਨੇ ਜਿੱਤ ਹਾਸਲ ਕਰਕੇ ਪਾਰਟੀ ਨੂੰ 172 ਦੇ ਬਹੁਮੱਤ ਵਾਲੇ ਅੰਕੜੇ 'ਤੇ ਜਾ ਖੜਾਇਆ। ਉਸਤੋਂ ਬਾਦ ਸਕਾਰਬਰੋ ਦੀ ਸੀਟ ਤੋਂ ਡੌਲੀ ਬੇਗਮ ਦੀ ਜਿੱਤ ਦਾ ਐਲਾਨ ਹੋ ਗਿਆ।

ਡੌਲੀ ਨੇ ਫਰਵਰੀ 'ਚ ਉਂਟਾਰੀਓ ਐਨਡੀਪੀ ਦੀ ਉਪ ਪ੍ਰਧਾਨਗੀ ਛੱਡ ਕੇ ਲਿਬਰਲ ਪਾਰਟੀ ਦਾ ਪੱਲਾ ਫੜਿਆ ਸੀ ਤੇ ਪਹਿਲੀ ਸੰਸਦੀ ਚੋਣ ਵਿੱਚ ਜਿੱਤ ਹਾਸਲ ਕਰ ਲਈ ਹੈ। ਉਪ ਚੋਣ ਵਾਲੀ ਤੀਜੀ ਸੀਟ ਕੁਬੈਕ ਦੇ ਹਲਕਾ ਟੈਰੀਬੌਨ ਸੀ ਜਿੱਥੇ ਪਿਛਲੀ ਚੋਣ ਵਿੱਚ ਇੱਕ ਵੋਟ ਦੀ ਹਾਰ ਜਿੱਤ ਨੂੰ ਅਦਾਲਤ ਨੇ ਰੱਦ ਕਰਕੇ ਦੁਬਾਰਾ ਚੋਣ ਦਾ ਹੁਕਮ ਸੁਣਾਇਆ ਸੀ। ਲਿਬਰਲ ਪਾਰਟੀ ਦੇ ਉਮੀਦਵਾਰ ਟੈਟਿਆਨਾ ਅਗਸਤੀ ਨੇ ਇਹ ਸੀਟ ਬਲਾਕ *ਬਾਕੀ ਸਫ਼ਾ 2 'ਤੇ

### ਟਰੰਪ ਦਾ ਦਾਅਵਾ

# ਜੰਗ ਹੁਣ ਆਪਣੇ ਅੰਤ ਦੇ ਬਹੁਤ ਨੇੜੇ: ਟਰੰਪ



ਵਾਸ਼ਿੰਗਟਨ, (ਪੰਜਾਬ ਸਟਾਰ ਬਿਊਰੋ): ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ ਨਾਲ ਚੱਲ ਰਹੀ ਜੰਗ ਨੂੰ ਲੈ ਕੇ ਇੱਕ ਬਹੁਤ ਹੀ ਅਹਿਮ ਅਤੇ ਹੈਰਾਨੀਜਨਕ ਬਿਆਨ ਦਿੱਤਾ ਹੈ। 'ਫੌਕਸ ਨਿਊਜ਼' ਨਾਲ ਇੱਕ ਇੰਟਰਵਿਊ ਦੌਰਾਨ ਟਰੰਪ ਨੇ ਦਾਅਵਾ ਕੀਤਾ ਹੈ ਕਿ ਦੋਵਾਂ ਦੇਸ਼ਾਂ ਵਿਚਕਾਰ ਚੱਲ ਰਹੀ ਜੰਗ ਹੁਣ ਆਪਣੇ ਅੰਤ ਦੇ ਬਹੁਤ ਨੇੜੇ ਹੈ। ਆਪਣੇ ਖਾਸ ਅੰਦਾਜ਼ ਵਿੱਚ ਗੱਲ ਕਰਦਿਆਂ ਟਰੰਪ ਨੇ ਕਿਹਾ ਕਿ ਜੇਕਰ ਉਨ੍ਹਾਂ ਨੇ ਈਰਾਨ ਵਿਰੁੱਧ ਜੰਗ ਛੇੜਨ ਦਾ 'ਬੋਲਡ' (Bold) ਫੈਸਲਾ ਨਾ ਲਿਆ ਹੁੰਦਾ, ਤਾਂ ਹੁਣ ਤੱਕ ਤਹਿਰਾਨ ਪਰਮਾਣੂ ਹਥਿਆਰਾਂ ਨਾਲ ਲੈਸ ਹੋ ਚੁੱਕਾ ਹੁੰਦਾ। ਉਨ੍ਹਾਂ ਨੇ ਵਿਅੰਗਮਈ ਲਹਿਜੇ ਵਿੱਚ ਕਿਹਾ ਕਿ ਜੇਕਰ ਈਰਾਨ ਕੋਲ ਪਰਮਾਣੂ ਬੰਬ ਹੁੰਦਾ, ਤਾਂ ਅੱਜ ਦੁਨੀਆ ਦੇ ਨੇਤਾਵਾਂ ਨੂੰ ਉਨ੍ਹਾਂ ਦੇ ਸ਼ਾਸਕਾਂ ਨੂੰ ਮਜਬੂਰੀ ਵਿੱਚ 'ਸਰ, ਸਰ' ਕਹਿਣਾ ਪੈਂਦਾ, ਜੋ ਕਿ ਕੋਈ ਵੀ ਦੇਸ਼ ਨਹੀਂ ਚਾਹੁੰਦਾ।

ਇਹ ਬਿਆਨ ਅਜਿਹੇ ਸਮੇਂ ਆਇਆ ਹੈ ਜਦੋਂ ਦੋਵਾਂ ਦੇਸ਼ਾਂ ਵਿਚਕਾਰ ਚੱਲ ਰਹੇ ਦੋ ਹਫ਼ਤਿਆਂ ਦੇ ਜੰਗਬੰਦੀ ਸਮਝੌਤੇ ਕਾਰਨ ਹਮਲਿਆਂ ਵਿੱਚ ਕਮੀ ਆਈ ਹੈ। ਹਾਲਾਂਕਿ, ਟਰੰਪ ਨੇ ਸਪੱਸ਼ਟ ਕੀਤਾ ਹੈ ਕਿ ਭਾਵੇਂ ਯੁੱਧ ਖਤਮ ਹੋਣ ਦੇ ਕੰਢੇ ਹੈ, ਪਰ ਅਮਰੀਕਾ ਦਾ ਮਿਸ਼ਨ ਅਜੇ ਪੂਰੀ ਤਰ੍ਹਾਂ ਖਤਮ ਨਹੀਂ ਹੋਇਆ ਹੈ। ਟਰੰਪ ਨੇ ਚੇਤਾਵਨੀ ਦਿੱਤੀ ਕਿ ਅਮਰੀਕੀ ਅਤੇ ਇਜ਼ਰਾਈਲੀ ਹਮਲਿਆਂ ਕਾਰਨ ਈਰਾਨ ਦੇ ਬੁਨਿਆਦੀ ਢਾਂਚੇ ਨੂੰ ਜੋ ਨੁਕਸਾਨ ਪਹੁੰਚਿਆ ਹੈ, ਉਸ ਤੋਂ ਉਭਰਨ ਅਤੇ ਆਪਣੇ ਆਪ ਨੂੰ ਦੁਬਾਰਾ *ਬਾਕੀ ਸਫ਼ਾ 2 'ਤੇ

## ਸ੍ਰੀ ਆਨੰਦਪੁਰ ਸਾਹਿਬ ਤੋਂ ਵਾਪਸ ਆ ਰਹੀ ਸ਼ਰਧਾਲੂਆਂ ਦੀ ਬੱਸ ਪਲਟੀ, 6 ਦੀ ਮੌਤ



ਲੁਧਿਆਣਾ, (ਪੰਜਾਬ ਸਟਾਰ ਬਿਊਰੋ): ਫਤਿਹਗੜ੍ਹ ਸਾਹਿਬ ਵਿੱਚ ਇੱਕ ਭਿਆਨਕ ਸੜਕ ਹਾਦਸਾ ਵਾਪਰਿਆ। ਇਹ ਹਾਦਸਾ ਬੱਸੀ ਪਠਾਣਾ ਨੇੜੇ ਵਾਪਰਿਆ, *ਬਾਕੀ ਸਫ਼ਾ 2 'ਤੇ

## ਕੈਨੇਡਾ 'ਚ ਮਾਰਕ ਕਾਰਨੀ ਵੱਲੋਂ ਪੈਟਰੋਲ ਤੇ ਡੀਜ਼ਲ 'ਤੇ ਟੈਕਸ ਹਟਾਉਣ ਦਾ ਐਲਾਨ

ਬਰੈਂਪਟਨ (ਬਲਜਿੰਦਰ ਸੇਖਾ): ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਤਿੰਨ ਜ਼ਿਮਨੀ ਚੋਣਾਂ ਵਿੱਚ ਵੱਡੀ ਜਿੱਤ ਦਰਜ ਕਰਨ ਤੋਂ ਅਗਲੇ ਹੀ ਦਿਨ ਇਕ ਅਹਿਮ ਫ਼ੈਸਲਾ ਲੈਂਦਿਆਂ ਐਲਾਨ ਕੀਤਾ ਕਿ ਸਰਕਾਰ ਵੱਲੋਂ ਪੈਟਰੋਲ, ਡੀਜ਼ਲ ਅਤੇ ਹਵਾਈ ਇੰਧਨ 'ਤੇ ਲੱਗਣ ਵਾਲਾ ਫੈਡਰਲ ਐਕਸਾਈਜ਼ ਟੈਕਸ ਅਸਥਾਈ ਤੌਰ 'ਤੇ ਹਟਾਇਆ ਜਾ ਰਿਹਾ ਹੈ। ਇਹ ਫ਼ੈਸਲਾ 20 ਅਪਰੈਲ, ਸੋਮਵਾਰ ਤੋਂ ਲਾਗੂ ਹੋਵੇਗਾ, ਜਿਸ ਨਾਲ ਗੈਸ ਦੀ ਕੀਮਤ ਵਿੱਚ ਲਗਪਗ 10 ਸੈਂਟ ਪ੍ਰਤੀ ਲੀਟਰ ਅਤੇ ਡੀਜ਼ਲ ਵਿੱਚ ਕਰੀਬ 4 ਸੈਂਟ ਪ੍ਰਤੀ ਲੀਟਰ ਦੀ ਕਮੀ ਆਉਣ ਦੀ ਉਮੀਦ ਹੈ। ਇਹ ਰਾਹਤ ਲੇਬਰ ਡੇਅ ਤੱਕ ਜਾਰੀ ਰਹੇਗੀ। ਇਸ ਦੇ ਨਾਲ ਹੀ ਹਵਾਈ ਜਹਾਜ਼ਾਂ ਦੇ ਫਿਊਲ 'ਤੇ ਲੱਗਦਾ 4 ਸੈਂਟ ਪ੍ਰਤੀ ਲੀਟਰ ਟੈਕਸ ਵੀ ਖ਼ਤਮ ਕੀਤਾ ਜਾ ਰਿਹਾ ਹੈ। *ਬਾਕੀ ਸਫ਼ਾ 2 'ਤੇ

## ਪੰਜਾਬ ਵਿਧਾਨ ਸਭਾ 'ਚ ਬੇਅਦਬੀ ਵਿਰੁੱਧ ਸੋਧ ਬਿੱਲ ਸਰਬਸੰਮਤੀ ਨਾਲ ਪਾਸ



ਚੰਡੀਗੜ੍ਹ, (ਪੰਜਾਬ ਸਟਾਰ ਬਿਊਰੋ): ਪੰਜਾਬ ਵਿਧਾਨ ਸਭਾ ਨੇ ਵਿਸ਼ੇਸ਼ ਸੈਸ਼ਨ 'ਚ ਖ਼ਾਲਸਾ ਪੰਥ ਦੇ ਸਾਜਨਾ ਦਿਵਸ ਮੌਕੇ ਜੈਕਾਰਿਆਂ ਦੀ ਗੂੰਜ 'ਚ 'ਜਾਗਤ ਜੋਤ ਸ੍ਰੀ ਗੁਰੂ ਗਰੰਥ ਸਾਹਿਬ ਸਤਿਕਾਰ (ਸੋਧ) ਬਿੱਲ-2026' ਪਾਸ ਕਰ ਦਿੱਤਾ। ਸੋਧ ਬਿੱਲ 'ਚ ਪਵਿੱਤਰ ਗਰੰਥ ਦੀ ਬੇਅਦਬੀ ਕਰਨ 'ਤੇ 7 ਤੋਂ 20 ਸਾਲ ਦੀ ਕੈਦ ਅਤੇ ਦੋ ਤੋਂ ਦਸ ਲੱਖ ਤੱਕ ਦੇ ਜੁਰਮਾਨੇ ਦੀ ਵਿਵਸਥਾ ਕੀਤੀ ਗਈ। ਸਮਾਜਿਕ/ਧਾਰਮਿਕ ਸਦਭਾਵਨਾ ਭੰਗ ਕਰਨ ਦੇ ਇਰਾਦੇ ਨਾਲ ਬੇਅਦਬੀ ਕਰਨ 'ਤੇ 10 ਸਾਲ ਤੋਂ ਲੈ ਕੇ ਉਮਰ ਕੈਦ ਦੀ ਸਜ਼ਾ ਅਤੇ ਪੰਜ ਤੋਂ 25 ਲੱਖ ਰੁਪਏ ਦਾ ਜੁਰਮਾਨਾ ਲੱਗੇਗਾ। ਅਜਿਹੀ ਕੋਸ਼ਿਸ਼ ਕਰਨ 'ਤੇ ਤਿੰਨ ਤੋਂ ਪੰਜ ਸਾਲ ਦੀ ਕੈਦ ਅਤੇ ਇੱਕ ਲੱਖ ਤੋਂ ਤਿੰਨ ਲੱਖ ਤੱਕ ਦਾ ਜੁਰਮਾਨਾ ਲੱਗੇਗਾ। ਬੇਅਦਬੀ 'ਚ ਮਦਦ ਕਰਨ ਵਾਲਿਆਂ ਨੂੰ ਵੀ ਸਜ਼ਾ 'ਚ ਬਰਾਬਰ ਦਾ ਭਾਗੀਦਾਰ ਮੰਨਿਆ ਜਾਵੇਗਾ। ਸੋਧ ਬਿੱਲ ਅਨੁਸਾਰ ਡੀ.ਐੱਸ.ਪੀ. ਜਾਂ ਏ.ਸੀ.ਪੀ. ਅਜਿਹੇ ਮਾਮਲਿਆਂ ਦੀ ਜਾਂਚ ਕਰੇਗਾ ਅਤੇ ਇਹ ਅਪਰਾਧ ਗੈਰ-ਜ਼ਮਾਨਤਯੋਗ ਹੋਵੇਗਾ।

ਪੰਜਾਬ ਵਿਧਾਨ ਸਭਾ 'ਚ ਚੌਥਾ ਮੌਕਾ ਸੀ ਕਿ ਜਦੋਂ ਬੇਅਦਬੀ ਖ਼ਿਲਾਫ਼ ਬਿੱਲ ਪੇਸ਼ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਸਾਲ 2016 'ਚ ਅਤੇ ਕਾਂਗਰਸ ਸਰਕਾਰ ਸਾਲ 2018 'ਚ ਬਿੱਲ ਪਾਸ ਕਰ ਚੁੱਕੀ ਹੈ, ਜਦੋਂਕਿ 'ਆਪ' ਸਰਕਾਰ ਵੀ ਪਿਛਲੇ ਸਾਲ ਬਿੱਲ ਪੇਸ਼ ਕਰ ਚੁੱਕੀ ਹੈ।

ਵਿਸ਼ੇਸ਼ ਸੈਸ਼ਨ ਸ਼ਰਧਾਮਈ ਮਾਹੌਲ 'ਚ ਸ਼ੁਰੂ ਹੋਇਆ, ਜਿਸ ਨੇ ਜਲਦੀ ਸਿਆਸੀ ਰੰਗ ਫੜ ਲਿਆ। ਸ਼੍ਰੋਮਣੀ ਅਕਾਲੀ ਦਲ ਦੀ ਵਿਧਾਇਕ ਗੁਨੀਵ ਕੌਰ ਸਦਨ 'ਚੋਂ ਗ਼ੈਰਹਾਜ਼ਰ ਰਹੀ, ਜਦੋਂ ਕਿ ਦੋਵੇਂ ਭਾਜਪਾ ਵਿਧਾਇਕ ਅਸ਼ਵਨੀ ਸ਼ਰਮਾ ਅਤੇ ਜੰਗੀ ਲਾਲ ਮਹਾਜਨ ਪੂਰਾ ਸਮਾਂ ਸਦਨ 'ਚ ਮੌਜੂਦ ਸਨ। ਸੱਤਾਧਾਰੀ ਧਿਰ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ 'ਚ 1986 ਦੇ ਨਕੋਦਰ ਕਾਂਡ ਅਤੇ ਸਾਲ 2015 'ਚ ਵਾਪਰੇ ਬਰਗਾੜੀ, ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀ ਕਾਂਡ ਦੇ ਹਵਾਲੇ ਦੇ ਕੇ ਸ਼੍ਰੋਮਣੀ ਅਕਾਲੀ ਦਲ ਨੂੰ ਘੇਰਿਆ। ਮੁੱਖ ਮੰਤਰੀ ਭਗਵੰਤ ਮਾਨ ਨੇ ਸਦਨ 'ਚ ਬਿੱਲ ਪੇਸ਼ ਕੀਤਾ ਅਤੇ ਲੰਮੀ ਬਹਿਸ ਮਗਰੋਂ ਜੈਕਾਰਿਆਂ ਦੀ ਗੂੰਜ 'ਚ ਬਿੱਲ ਸਰਬਸੰਮਤੀ ਨਾਲ ਪਾਸ ਹੋ ਗਿਆ।

ਸੱਤਾਧਾਰੀ ਧਿਰ ਨੇ 'ਚਾਚਾ ਭਤੀਜਾਵਾਦ' ਦੇ ਹਵਾਲੇ ਨਾਲ ਕਿਹਾ ਕਿ ਬੇਅਦਬੀ *ਬਾਕੀ ਸਫ਼ਾ 2 'ਤੇ


ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888-864-3131
Jasbir Singh Hundal
Registered Credit Counsellor
www.MakeMeDebtFree.ca
416-502-3100
Unit #20 - 7015 Tranmere Drive, Mississauga, ON, L5S 1T7

BRAR TAMBER RIGBY
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW
PERSONAL INJURY
Auto Accident
Family Member Claims
Pedestrian Hit Accident
Short & Long-Term Disability
Slip & Fall
CPP Disability
Bicycle Accident
Wrongful Death & Fata accidents

FOR ALL YOUR REAL ESTATE NEEDS
ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ
Harjit Brar
Sales Representative
416-417-6010
HOMELIFE
HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090
Vik Mehmi
Broker
416-500-6262

# ਓਨਟਾਰੀਓ ਖਾਲਸਾ ਦਰਬਾਰ ਵਿਖੇ ਖਾਲਸਾ ਸਾਜਨਾ ਦਿਵਸ ਨੂੰ ਮੁੱਖ ਰੱਖਦਿਆਂ ਸਮਾਗਮ ਕਰਵਾਏ ਗਏ




ਕੈਨੇਡਾ ਦੇ ਪ੍ਰਸਿੱਧ ਧਾਰਮਿਕ ਅਸਥਾਨ ਗੁਰਦੁਆਰਾ ਓਨਟਾਰੀਓ ਖਾਲਸਾ ਦਰਬਾਰ ਵਿਖੇ ਖਾਲਸਾ ਸਾਜਨਾ ਦਿਵਸ ਨੂੰ ਮੁੱਖ ਰੱਖਦਿਆ ਸਮਾਗਮ ਕਰਵਾਏ ਗਏ ਜਿਸ ਵਿੱਚ ਸਿੱਖ ਪੰਥ ਦੇ ਪ੍ਰਸਿੱਧ ਕਥਾਵਾਚਕ, ਢਾਡੀ ਅਤੇ ਰਾਗੀ ਜੱਥਿਆ ਵੱਲੋਂ ਹਾਜ਼ਰੀ ਭਰੀ ਗਈ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਭੁਪਿੰਦਰ ਸਿੰਘ ਅਤੇ ਦੂਜੇ ਗ੍ਰੰਥੀ ਸਿੰਘਾਂ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ॥ਸਟੇਜ ਸਕੱਤਰ ਦੀ ਸੇਵਾ ਨਿਭਾਉਂਦਿਆਂ ਗੁਰੂ ਘਰ ਦੇ ਮੁੱਖ ਸਕੱਤਰ ਭਾਈ ਪਰਮਜੀਤ ਸਿੰਘ ਗਿੱਲ ਜੀ ਅਤੇ ਸਹਾਇਕ ਸਕੱਤਰ ਭਾਈ ਸਰਬਜੀਤ ਸਿੰਘ ਨੇ ਖਾਲਸਾ ਸਾਜਨਾ ਦਿਵਸ ਤੇ ਵਿਸਾਖੀ ਦੇ ਪਾਵਨ ਦਿਹਾੜੇ ਮੁੱਖ ਰੱਖਦੇ ਹੋਏ ਸਮੂਹ ਸੰਗਤ ਨੂੰ ਵਧਾਇਆ ਪੇਸ਼ ਕੀਤੀਆਂ ਤੇ ਗੁਰੂ ਸਾਹਿਬ ਦੇ ਜੀਵਨ ਤੇ ਸਿੱਖਿਆਵਾਂ ਖ਼ਾਲਸਾ ਸਾਜਨਾ ਦਿਵਸ ਦੇ ਇਤਿਹਾਸ ਬਾਰੇ ਚਾਨਣਾ ਪਾਈ ਕੇ ਕਿਵੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਬਾਟੇ ਦੀ ਪਾਹੁਲ ਤਿਆਰ ਕਰ ਕੇ ਖਾਲਸਾ ਪੰਥ ਦੀ ਸਥਾਪਨਾ ਕੀਤੀ। ਤੇ ਮੌਕੇ ਹਾਜ਼ਰ ਸੰਗਤਾਂ ਨੂੰ ਸੰਬੋਧਨ ਕਰਦਿਆਂ ਗੁਰੂ ਘਰ ਦੇ ਮੁੱਖ ਸੇਵਾਦਾਰ ਭਾਈ ਹਰਪਾਲ ਸਿੰਘ ਜੀ ਨੇ ਸਮੂਹ ਸੰਗਤ ਨੂੰ ਖਾਲਸਾ ਸਾਜਨਾ ਦਿਵਸ ਦੀ ਮੁਬਾਰਕਾ ਪੇਸ਼ ਕੀਤੀਆਂ ਤੇ ਸੰਗਤਾਂ ਨੂੰ ਗੁਰੂ ਘਰ ਵਿੱਚ ਚੱਲ ਰਹੇ ਕਾਰਜਾਂ ਤੇ ਅੱਗੇ ਆਉਣ ਵਾਲੇ ਕਾਰਜਾਂ ਦੀ ਜਾਣਕਾਰੀ ਦਿੱਤੀ। ਤੇ ਜਾਣਕਾਰੀ ਦਿੱਤੀ ਕੇ ਗੁਰੂ ਘਰ ਵਿਖੇ ਜੋ ਨਵੀ ਲਾਇਬਰੇਰੀ ਤੇ ਮਲਟੀ ਮੀਡੀਆ ਮਿਊਜ਼ੀਅਮ ਦਾ ਕੰਮ ਚੱਲ ਰਿਹਾ ਸੀ ਉਹ ਅੱਜ ਮੁਕੰਮਲ ਹੋ ਗਿਆ ਜਿਸ ਦਾ ਉਦਘਾਟਨ ਅੱਜ 12 ਵਜੇ ਕੀਤਾ ਗਿਆ ਭਾਈ ਹਰਪਾਲ ਸਿੰਘ ਜੀ ਨੇ ਖਾਲਸਾ ਦਿਵਸ ਮੌਕੇ ਤੇ ਗੁਰੂ ਸਾਹਿਬ ਜੀ ਦੀਆਂ ਸਿੱਖਿਆਵਾਂ ਨੂੰ ਯਾਦ ਕਰਵਾਦੇ ਹੋਏ ਕਿਹਾ ਜੇ ਜਿਸ ਤਰ੍ਹਾਂ ਗੁਰੂ ਸਾਹਿਬ ਨੇ ਖੰਡੇ ਬਾਟੇ ਦੀ ਪਾਹੁਲ ਦੇ ਕੇ ਜਾਤ ਪਾਤ ਉਚ ਨੀਚ ਨੂੰ ਖਤਮ ਕੀਤਾ ਸਾਰਿਆ ਨੂੰ ਸਿੰਘ ਤੇ ਕੌਰ ਸ਼ਬਦ ਦੀ ਪਹਿਚਾਣ ਦਿੱਤੀ ਜੋ ਪਹਿਚਾਣ ਅਸੀ ਵਿਸਾਰ ਰਹੇ ਹਾਂ ਉਨਾ ਨੇ ਸੰਗਤ ਨੂੰ ਅਪੀਲ ਕੀਤੀ ਜਦੋ ਘਰ ਵਿੱਚ ਕਿਸੇ ਵੀ ਬੱਚੇ ਦਾ ਜਨਮ ਹੁੰਦਾ ਕੌਰ ਤੇ ਸਿੰਘ ਜਰੂਰ ਲਿਖਵਾਇਆ ਜਾਵੇ ਜੋ ਕਿ ਸਾਡੀ ਅਸਲੀ ਪਹਿਚਾਣ ਹੈ ਅਤੇ ਖਾਲਸਾ ਸਾਜਨਾ ਦਿਵਸ ਦੇ ਮੌਕੇ ਤੇ ਪੁੱਜੇ ਵੱਖ ਵੱਖ ਰਾਜਨੀਤਕ ਆਗੂਆਂ ਦਾ ਧੰਨਵਾਦ ਕੀਤਾ। ਇਸ ਮੌਕੇ ਤੇ ਓਨਟਾਰੀਓ ਸਿੱਖ ਐਂਡ ਗੁਰਦੁਆਰਾ ਕੌਂਸਲ ਦੇ ਚੇਅਰਮੈਨ ਓਂਕਾਰ ਸਿੰਘ ਗਰੇਵਾਲ ਜੀ ਸਮੂਹ ਸੰਗਤ ਨੂੰ ਖ਼ਾਲਸਾ ਸਾਜਨਾ ਦਿਵਸ ਦੀਆ ਮੁਬਾਰਕਾ ਪੇਸ਼ ਕੀਤੀਆ।

ਇਸ ਮੌਕੇ ਤੇ ਸੰਗਤਾਂ ਨੂੰ ਹਜ਼ੂਰੀ ਰਾਗੀ ਭਾਈ ਦਰਸ਼ਨਜੀਤ ਸਿੰਘ ਤੇ ਭਾਈ ਰਵਿੰਦਰ ਸਿੰਘ ਭਾਈ ਸੁਖਦੇਵ ਸਿੰਘ ਜੀ ਭਾਈ ਓਕਾਰ ਸਿੰਘ ਭਾਈ ਜਗਦੀਸ਼ ਸਿੰਘ ਭਾਈ ਕੁਲਵਿੰਦਰ ਸਿੰਘ ਭਾਈ ਨਿਸ਼ਾਨ ਸਿੰਘ ਭਾਈ ਪਲਵਿੰਦਰ ਸਿੰਘ ਭਾਈ ਮਨਜੋਤ ਸਿੰਘ ਭਾਈ ਰਣਜੀਤ ਸਿੰਘ ਭਾਈ ਗੁਰਵਿੰਦਰ ਸਿੰਘ ਨੇ ਗੁਰਬਾਣੀ ਕੀਰਤਨ ਅਤੇ ਭਾਈ ਗੁਲਜ਼ਾਰ ਸਿੰਘ ਜੀ ਵੱਲੋਂ ਕਥਾ ਵਿਚਾਰਾਂ ਅਤੇ ਗਿਆਨੀ ਅਮਨਦੀਪ ਸਿੰਘ ਭੁੱਲਾਰਾਈ ਜੀ ਦੇ ਢਾਡੀ ਜਥੇ ਵੱਲੋਂ ਢਾਡੀ ਵਾਰਾਂ ਸਰਵਣ ਕਰਵਾਈਆਂ ਗਈਆਂ। ਇਸ ਮੌਕੇ ਗੁਰਦੁਆਰਾ ਓਨਟਾਰੀਓ ਖਾਲਸਾ ਦਰਬਾਰ ਦੀ ਸਾਰੇ ਕਮੇਟੀ ਮੈਂਬਰ ਭਾਈ ਬਲਜੀਤ ਸਿੰਘ ਪੰਡੋਰੀ ਗੁਰਿੰਦਰਜੀਤ ਸਿੰਘ ਭੁੱਲਰ ਭਾਈ ਸਰਬਜੀਤ ਸਿੰਘ ਭਾਈ ਭੁਪਿੰਦਰ ਸਿੰਘ ਬਾਠ ਭਾਈ ਨਵਜੀਤ ਸਿੰਘ ਭਾਈ ਸਰਦਾਰਾ ਸਿੰਘ ਭਾਈ ਜਸਵਿੰਦਰ ਸਿੰਘ ਭਾਈ ਦਵਿੰਦਰ ਸਿੰਘ ਧਾਲੀਵਾਲ ਭਾਈ ਗੁਰਦੇਵ ਸਿੰਘ ਨਾਹਲ ਮੌਜੂਦ ਸਨ।

# ਕੈਨੇਡਾ 'ਚ ਇਮੀਗ੍ਰੇਸ਼ਨ ਧੋਖਾਧੜੀ, ਫ੍ਰੈਂਚ ਭਾਸ਼ਾ ਦੇ ਜਾਅਲੀ ਸਰਟੀਫਿਕੇਟ ਵਾਲੀਆਂ ਅਰਜ਼ੀਆਂ ਤੇ ਇੰਟਰਵਿਊਆਂ ਜਾਰੀ

ਕੁਲਤਰਨ ਸਿੰਘ ਪਧਿਆਣਾ

ਕੈਨੇਡਾ ਦੇ ਇਮੀਗ੍ਰੇਸ਼ਨ ਸਿਸਟਮ ਵਿੱਚ ਇੱਕ ਵੱਡੀ ਧੋਖਾਧੜੀ ਸਾਹਮਣੇ ਆਈ ਹੈ। ਐਕਸਪ੍ਰੈੱਸ ਐਂਟਰੀ ਦੀ ਫ੍ਰੈਂਚ ਲੈਂਗੁਏਜ ਪ੍ਰੋਫੀਸ਼ੈਂਸੀ ਕੈਟਾਗਰੀ ਵਿੱਚ ਲੋਕ ਟੀਈਐਫ (TEF), ਟੀਸੀਐਫ (TCF) ਅਤੇ ਟੀਆਰਐਫ (TRF) ਵਰਗੇ ਫ੍ਰੈਂਚ ਭਾਸ਼ਾ ਟੈਸਟਾਂ ਦੇ ਜਾਲੀ ਸਰਟੀਫਿਕੇਟ ਖਰੀਦ ਕੇ ਆਪਣਾ CRS ਸਕੋਰ ਵਧਾ ਰਹੇ ਸਨ। ਇਸ ਫ੍ਰਾਡ ਨਾਲ ਸਹੀ ਢੰਗ ਨਾਲ ਅਪਲਾਈ ਕਰਨ ਵਾਲਿਆਂ ਨੂੰ ਵੱਡਾ ਨੁਕਸਾਨ ਹੋ ਰਿਹਾ ਹੈ ਅਤੇ ਫ੍ਰੈਂਚ ਡਰਾਅ ਵਿੱਚ ਕੱਟ-ਆਫ ਸਕੋਰ ਬਹੁਤ ਵਧ ਗਏ ਹਨ। ਇਹ ਮੁੱਦਾ ਪਿਛਲੇ ਸਾਲ ਤੋਂ ਲਗਾਤਾਰ ਚਰਚਾ ਵਿੱਚ ਚੱਲ ਰਿਹਾ ਹੈ। ਇਸ ਫ੍ਰਾਡ ਵਿੱਚ ਲੋਕ ਹਜ਼ਾਰਾਂ ਡਾਲਰ ਖਰਚ ਕਰਕੇ ਫੇਕ ਸਰਟੀਫਿਕੇਟ ਖਰੀਦ ਰਹੇ ਸਨ ਜਾਂ ਪ੍ਰੌਕਸੀ (ਕਿਸੇ ਹੋਰ ਵਿਅਕਤੀ ਰਾਹੀਂ) ਟੈਸਟ ਦਿਵਾ ਰਹੇ ਸਨ। ਬਰੈਂਪਟਨ ਸਮੇਤ ਓਨਟਾਰੀਓ ਵਿੱਚ ਵੀ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਚੱਲ ਰਹੀਆਂ ਹਨ, ਜਿੱਥੇ ਕੁਝ ਕੰਸਲਟੈਂਟ ਲੋਕਾਂ ਤੋਂ ਹਜ਼ਾਰਾਂ ਡਾਲਰ ਲੈ ਕੇ ਇਹ "ਸ਼ਾਰਟਕੱਟ" ਮੁਹੱਈਆ ਕਰਵਾ ਰਹੇ ਸਨ। ਇਸ ਫ੍ਰਾਡ ਨੂੰ ਰੋਕਣ ਲਈ ਇਮੀਗ੍ਰੇਸ਼ਨ, ਰਿਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ (IRCC) ਨੇ ਸਖ਼ਤੀ ਪਿਛਲੇ ਸਾਲ ਤੋਂ ਵਧਾਈ ਹੋਈ ਹੈ। ਫ੍ਰੈਂਚ ਕੈਟਾਗਰੀ ਵਾਲੀਆਂ ਅਰਜ਼ੀਆਂ ਤੇ ਹੁਣ ਵਿਅਕਤੀਗਤ (ਇਨ-ਪਰਸਨ) ਜਾਂ ਫੋਨ ਇੰਟਰਵਿਊਆਂ ਵਧਾ ਦਿੱਤੀਆਂ ਗਈਆਂ ਹਨ। ਇਨ੍ਹਾਂ ਇੰਟਰਵਿਊਆਂ ਵਿੱਚ ਅਧਿਕਾਰੀ ਅਪਲਾਈ ਕਰਨ ਵਾਲੇ ਤੋਂ ਫ੍ਰੈਂਚ ਭਾਸ਼ਾ ਵਿੱਚ ਗੱਲਬਾਤ ਕਰਕੇ ਚੈੱਕ ਕਰਦੇ ਹਨ ਕਿ ਉਸਦਾ ਟੈਸਟ ਸਰਟੀਫਿਕੇਟ ਅਸਲੀ ਹੈ ਜਾਂ ਨਹੀਂ। ਬਹੁਤ ਸਾਰੇ ਲੋਕ ਇਨ੍ਹਾਂ ਇੰਟਰਵਿਊਆਂ ਵਿੱਚ ਫਸ ਰਹੇ ਹਨ ਜਾਂ ਇੰਟਰਵਿਊ ਦੇਣ ਤੋਂ ਹੁਣ ਭੱਜਿਆ ਜਾ ਰਿਹਾ ਹੈ। ਇਸਦਾ ਮਤਲਬ ਇਹ ਨਿਕਲਦਾ ਹੈ ਕਿ ਕੋਲ ਮੁਹਾਰਤ




ਦਾ ਸਰਟੀਫਿਕੇਟ ਤਾਂ ਹੈ ਪਰ ਗੱਲਬਾਤ ਕਰਨ ਦੀ ਹਿੰਮਤ ਨਹੀਂ ਹੈ। ਇਸ ਤਰ੍ਹਾਂ ਦਾ ਫ੍ਰਾਡ ਫੜੇ ਜਾਣ ਤੇ ਇਮੀਗ੍ਰੇਸ਼ਨ ਅਰਜ਼ੀ ਤੁਰੰਤ ਰਿਜੈਕਟ ਹੋ ਜਾਂਦੀ ਹੈ। 5 ਸਾਲ ਲਈ ਕੈਨੇਡਾ ਵਿੱਚ ਐਂਟਰੀ ਬੈਨ ਹੋ ਸਕਦੀ ਹੈ ਜਾਂ (misrepresentation) ਲਈ ਪਹਿਲਾਂ ਮਿਲੀ PR ਜਾਂ ਸਿਟੀਜ਼ਨਸ਼ਿਪ ਵੀ ਰੱਦ ਹੋ ਸਕਦੀ ਹੈ ਅਤੇ ਐਪਲੀਕੇਸ਼ਨ ਫੀਸ ਵੀ ਵਾਪਸ ਨਹੀਂ ਮਿਲਦੀ।

ਇਸ ਮਾਮਲੇ ਨੇ ਐਕਸਪ੍ਰੈੱਸ ਐਂਟਰੀ ਸਿਸਟਮ ਦੀ ਭਰੋਸੇਯੋਗਤਾ ਤੇ ਵੀ ਸਵਾਲ ਖੜ੍ਹੇ ਕਰ ਦਿੱਤੇ ਹਨ। ਸਹੀ ਉਮੀਦਵਾਰ ਇਸ ਫ੍ਰਾਡ ਕਾਰਨ ਨਿਰਾਸ਼ ਹੋ ਰਹੇ ਹਨ ਅਤੇ ਮੰਗ ਕਰ ਰਹੇ ਹਨ ਕਿ IRCC ਇਸ ਨੂੰ ਰੋਕਣ ਲਈ ਹੋਰ ਸਖ਼ਤ ਕਦਮ ਚੁੱਕੇ। ਇਮੀਗ੍ਰੇਸ਼ਨ ਲਈ ਅਪਲਾਈ ਕਰਨ ਵਾਲਿਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਕਦੇ ਵੀ ਜਾਲੀ ਦਸਤਾਵੇਜ਼ਾਂ ਜਾਂ ਫੇਕ ਟੈਸਟਾਂ ਦੀ ਵਰਤੋਂ ਨਾ ਕਰਨ। ਅਸਲ ਟੈਸਟ ਹੀ ਦਿਓ ਅਤੇ ਆਪਣੀ ਤਿਆਰੀ ਖੁਦ ਕਰੋ। ਫੇਕ ਗੱਲਾਂ ਤੋਂ ਬਚੋ, ਕਿਉਂਕਿ ਇਸ ਨਾਲ ਤੁਹਾਡਾ ਭਵਿੱਖ ਖਤਰੇ ਵਿੱਚ ਪੈ ਸਕਦਾ ਹੈ। IRCC ਅਧਿਕਾਰਤ ਵੈੱਬਸਾਈਟ ਤੋਂ ਹੀ ਜਾਣਕਾਰੀ ਲਓ ਅਤੇ ਕਿਸੇ ਵੀ ਸ਼ੱਕੀ ਏਜੰਟ ਤੋਂ ਬਚੋ।

# ਫਰਾਂਸ ਨੇ ਹੋਰਮੁਜ਼ ਸੰਕਟ ਨੂੰ ਟਾਲਣ ਦੀ ਜ਼ਿੰਮੇਵਾਰੀ ਸੰਭਾਲੀ,

## ਪੈਰਿਸ ਵਿੱਚ ਵੱਡੀ ਮੀਟਿੰਗ

ਪੱਛਮੀ ਏਸ਼ੀਆ ਵਿੱਚ ਜੰਗ ਦੇ ਬੱਦਲਾਂ ਦਰਮਿਆਨ ਕੂਟਨੀਤੀ ਦੀ ਇੱਕ ਨਵੀਂ ਕਿਰਨ ਦਿਖਾਈ ਦਿੱਤੀ ਹੈ। ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨੇ ਅਮਰੀਕਾ ਅਤੇ ਈਰਾਨ ਵਿਚਾਲੇ ਰੁਕੀ ਹੋਈ ਸ਼ਾਂਤੀ ਵਾਰਤਾ ਨੂੰ ਮੁੜ ਸ਼ੁਰੂ ਕਰਨ ਦੀ ਅਗਵਾਈ ਕੀਤੀ ਹੈ। ਫਰਾਂਸ ਦੇ ਰਾਸ਼ਟਰਪਤੀ ਮੈਕਰੋਨ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਈਰਾਨ ਦੇ ਰਾਸ਼ਟਰਪਤੀ ਮਸੂਦ ਪੇਜ਼ੇਸ਼ਕੀਅਨ ਨਾਲ ਵੱਖ-ਵੱਖ ਗੱਲਬਾਤ ਕੀਤੀ ਹੈ।

ਮੈਕਰੋਨ ਦਾ ਉਦੇਸ਼ ਇਸਲਾਮਾਬਾਦ ਵਿੱਚ ਅਸਫਲ ਸ਼ਾਂਤੀ ਵਾਰਤਾ ਨੂੰ ਮੁੜ ਸ਼ੁਰੂ ਕਰਨਾ ਹੈ। ਉਨ੍ਹਾਂ ਨੇ ਤਿੰਨ ਨੁਕਾਤੀ ਪ੍ਰਸਤਾਵ ਰੱਖਿਆ ਹੈ। ਇਸ ਦੇ ਤਹਿਤ ਲੇਬਨਾਨ ਸਮੇਤ ਪੂਰੇ ਖੇਤਰ 'ਚ ਪੂਰਨ ਜੰਗਬੰਦੀ ਕੀਤੀ ਗਈ ਹੈ। ਬਿਨਾਂ ਕਿਸੇ ਸ਼ਰਤਾਂ ਅਤੇ ਟੈਕਸਾਂ ਦੇ ਹੋਰਮੁਜ਼ ਨੂੰ ਮੁੜ ਖੋਲ੍ਹਣਾ। ਫਰਾਂਸ ਅਤੇ ਬ੍ਰਿਟੇਨ ਦੀ ਅਗਵਾਈ 'ਚ 'ਰੱਖਿਆਤਮਕ ਮਿਸ਼ਨ' ਦੀ ਸ਼ੁਰੂਆਤ, ਜੋ ਸਮੁੰਦਰ 'ਚ ਜਹਾਜ਼ਾਂ ਦੀ ਆਵਾਜਾਈ ਨੂੰ ਸੁਰੱਖਿਅਤ ਬਣਾਏਗਾ। ਮੈਕਰੋਨ ਨੇ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਇਸ ਤਣਾਅ ਨੂੰ ਹੋਰ ਵਧਣ ਤੋਂ ਰੋਕਣ ਲਈ ਤੁਰੰਤ 'ਇਸਲਾਮਾਬਾਦ ਸਵਾਂਦ' ਸ਼ੁਰੂ ਕਰਨਾ ਜ਼ਰੂਰੀ ਹੈ। ਇਹ ਵੀ ਖ਼ਬਰ ਹੈ ਕਿ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਅਤੇ ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਮਰ ਸ਼ੁੱਕਰਵਾਰ ਨੂੰ ਪੈਰਿਸ ਵਿੱਚ ਇੱਕ ਸੰਮੇਲਨ ਦੀ ਸਹਿ-ਪ੍ਰਧਾਨਗੀ ਕਰਨਗੇ। ਇਸ ਕਾਨਫਰੰਸ ਵਿੱਚ ਉਹ ਗੈਰ-ਜੰਗੀ ਰਾਸ਼ਟਰ ਸ਼ਾਮਿਲ ਹੋਣਗੇ ਜੋ ਹੋਰਮੁਜ਼ ਬਾਰੇ ਚਿੰਤਤ ਹਨ। ਮੈਕਰੋਨ ਦੇ ਦਫਤਰ ਨੇ ਕਿਹਾ ਕਿ ਹੋਰ ਭਾਗੀਦਾਰ ਵੀਡੀਓ ਕਾਨਫਰੰਸ ਰਾਹੀਂ ਹਿੱਸਾ ਲੈਣਗੇ।

ਬਿਆਨ ਵਿੱਚ ਕਿਹਾ ਗਿਆ ਹੈ ਕਿ ਯੂਰਪੀਅਨ ਅਤੇ ਹੋਰ ਭਾਈਵਾਲ ਪੂਰੀ ਤਰ੍ਹਾਂ ਰੱਖਿਆਤਮਕ ਮਿਸ਼ਨ ਵਿੱਚ ਯੋਗਦਾਨ ਪਾਉਣ ਲਈ ਤਿਆਰ ਹਨ। ਫਰਾਂਸ ਅਤੇ ਬ੍ਰਿਟੇਨ ਪਿਛਲੇ ਕੁਝ ਹਫ਼ਤਿਆਂ ਤੋਂ ਤੇਲ ਟੈਂਕਰਾਂ ਅਤੇ ਕੰਟੇਨਰ ਜਹਾਜ਼ਾਂ ਨੂੰ ਸੁਰੱਖਿਆ ਕਵਰ ਪ੍ਰਦਾਨ ਕਰਨ ਲਈ ਇੱਕ ਮੁਹਿੰਮ ਸਥਾਪਤ ਕਰਨ ਲਈ ਕੰਮ ਕਰ ਰਹੇ ਹਨ। ਇਸ ਦੌਰਾਨ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਈਰਾਨ ਤੋਂ ਗੱਲਬਾਤ ਦਾ ਪ੍ਰਸਤਾਵ ਮਿਲਿਆ ਹੈ। ਟਰੰਪ ਅਨੁਸਾਰ ਈਰਾਨ ਹੁਣ ਬਹੁਤ ਜਲਦੀ ਸਮਝੌਤਾ ਕਰਨਾ ਚਾਹੁੰਦਾ ਹੈ, ਅਮਰੀਕੀ ਜਲ ਸੈਨਾ ਦੀ ਘੇਰਾਬੰਦੀ ਨੇ ਉਨ੍ਹਾਂ ਦੀ ਕਮਰ ਤੋੜ ਦਿੱਤੀ ਹੈ।

# ਪੇਜ ਇੱਕ ਦੀ ਬਾਕੀ

## ਅੰਡੇਮਾਨ ਸਾਗਰ...

ਨੂੰ ਲੈ ਕੇ ਮਲੇਸ਼ੀਆ ਲਈ ਰਵਾਨਾ ਹੋਇਆ ਸੀ। ਏਜੰਸੀਆਂ ਨੇ ਦੱਸਿਆ ਕਿ ਜ਼ਿਆਦਾ ਭੀੜ, ਤੇਜ਼ ਹਵਾਵਾਂ ਅਤੇ ਸਮੁੰਦਰ ਦੀਆਂ ਉੱਚੀਆਂ ਲਹਿਰਾਂ ਕਾਰਨ ਜਹਾਜ਼ ਕੰਟਰੋਲ ਗੁਆ ਬੈਠਾ ਅਤੇ ਡੁੱਬ ਗਿਆ। ਕਾਕਸ ਬਾਜ਼ਾਰ ਵਿੱਚ UNHCR ਦੀ ਸੰਚਾਰ ਅਧਿਕਾਰੀ ਸ਼ਾਰੀ ਨਿਜਮੈਨ ਨੇ ਬੁੱਧਵਾਰ ਨੂੰ ਕਿਹਾ ਕਿ ਏਜੰਸੀ ਕੋਲ ਇਸ ਸਬੰਧੀ ਹੋਰ ਕੋਈ ਅਪਡੇਟ ਨਹੀਂ ਹੈ। ਕੋਸਟ ਗਾਰਡ ਦੇ ਇੱਕ ਹੋਰ ਅਧਿਕਾਰੀ ਨੇ ਫੋਨ 'ਤੇ ਦੱਸਿਆ ਕਿ ਬਚਾਏ ਗਏ ਅੱਠ ਮਰਦ ਅਤੇ ਇੱਕ ਔਰਤ ਸੁਰੱਖਿਅਤ ਹਨ ਅਤੇ ਉਨ੍ਹਾਂ ਨੂੰ ਪੁਲਿਸ ਹਵਾਲੇ ਕਰ ਦਿੱਤਾ ਗਿਆ ਹੈ। ਅਧਿਕਾਰੀ ਨੇ ਸਪੱਸ਼ਟ ਕੀਤਾ ਕਿ ਇਹ ਬਚਾਅ ਕਾਰਜ ਕਿਸੇ ਅਧਿਕਾਰਤ ਤਲਾਸ਼ੀ ਮੁਹਿੰਮ ਦਾ ਹਿੱਸਾ ਨਹੀਂ ਸੀ ਕਿਉਂਕਿ ਇਹ ਘਟਨਾ ਬੰਗਲਾਦੇਸ਼ੀ ਖੇਤਰ ਤੋਂ ਬਾਹਰ ਹੋਈ ਸੀ। UNHCR ਅਤੇ IOM ਨੇ ਕਿਹਾ ਕਿ ਇਹ ਹਾਦਸਾ ਰੋਹਿੰਗਿਆ ਲੋਕਾਂ ਦੇ ਲੰਬੇ ਸਮੇਂ ਤੋਂ ਚੱਲ ਰਹੇ ਉਜਾੜੇ ਅਤੇ ਸਥਾਈ ਹੱਲ ਦੀ ਘਾਟ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਮਿਆਂਮਾਰ ਵਿੱਚ ਜਾਰੀ ਹਿੰਸਾ ਕਾਰਨ ਰੋਹਿੰਗਿਆ ਦੀ ਸੁਰੱਖਿਅਤ ਵਾਪਸੀ ਅਨਿਸ਼ਚਿਤ ਹੋ ਗਈ ਹੈ, ਜਦੋਂ ਕਿ ਸ਼ਰਨਾਰਥੀ ਕੈਂਪਾਂ ਵਿੱਚ ਸੀਮਤ ਮਾਨਵਤਾਵਾਦੀ ਸਹਾਇਤਾ, ਸਿੱਖਿਆ ਅਤੇ ਰੁਜ਼ਗਾਰ ਦੀ ਘਾਟ ਇਨ੍ਹਾਂ ਲੋਕਾਂ ਨੂੰ ਵਿਦੇਸ਼ਾਂ ਵਿੱਚ ਬਿਹਤਰ ਮੌਕਿਆਂ ਦੇ ਝੂਠੇ ਵਾਅਦਿਆਂ ਦੇ ਜਾਲ ਵਿੱਚ ਫਸ ਕੇ ਖ਼ਤਰਨਾਕ ਸਮੁੰਦਰੀ ਸਫ਼ਰ ਚੁਣਨ ਲਈ ਮਜਬੂਰ ਕਰ ਰਹੀ ਹੈ।

ਏਜੰਸੀਆਂ ਨੇ ਅੰਤਰਰਾਸ਼ਟਰੀ ਭਾਈਚਾਰੇ ਨੂੰ ਅਪੀਲ ਕੀਤੀ ਹੈ ਕਿ ਉਹ ਬੰਗਲਾਦੇਸ਼ ਵਿੱਚ ਰਹਿ ਰਹੇ 10 ਲੱਖ ਤੋਂ ਵੱਧ ਰੋਹਿੰਗਿਆ ਸ਼ਰਨਾਰਥੀਆਂ ਦੀ ਜੀਵਨ ਰੱਖਿਅਕ ਸਹਾਇਤਾ ਨੂੰ ਯਕੀਨੀ ਬਣਾਉਣ ਲਈ ਫੰਡਿੰਗ ਅਤੇ ਸਹਿਯੋਗ ਵਧਾਉਣ।

## ਮਾਰਨੀ ਅਤੇ ਪੋਇਲੀਵਰ...

ਟੈਕਸਪੇਅਰਜ਼ ਫੈਡਰੇਸ਼ਨ ਨੂੰ ਦਿੱਤੇ ਇੱਕ ਇੰਟਰਵਿਊ ਵਿੱਚ ਕਾਰਨੀ ਨੂੰ "ਅਰਥਸ਼ਾਸਤਰ ਵਿੱਚ ਕਮਜ਼ੋਰ ਸਿੱਖਿਆ ਪ੍ਰਾਪਤ" ਕਿਹਾ ਸੀ। ਇਸ ਟਿੱਪਣੀ 'ਤੇ ਕਾਰਨੀ ਨੇ ਸੰਸਦ ਵਿੱਚ ਹਲਕੇ-ਫੁਲਕੇ ਅੰਦਾਜ਼ ਵਿੱਚ ਜਵਾਬ ਦਿੰਦਿਆਂ ਆਪਣੀ ਸ਼ੈਖਸ਼ਿਕ ਯੋਗਤਾ ਦਾ ਜ਼ਿਕਰ ਕੀਤਾ।

**ਗੈਸ ਟੈਕਸ ਕਟੌਤੀ ਅਤੇ ਵਧਦੇ ਘਾਟੇ 'ਤੇ ਬਹਿਸ ਤੇਜ਼**

ਬਹਿਸ ਦਾ ਮੁੱਖ ਮੁੱਦਾ ਪੈਟਰੋਲ ਅਤੇ ਡੀਜ਼ਲ 'ਤੇ ਟੈਕਸ ਨੂੰ ਲੈ ਕੇ ਸੀ। ਪੋਇਲੀਵਰ ਨੇ ਸਰਕਾਰ ਦੇ ਐਕਸਾਈਜ਼ ਡਿਊਟੀ ਨੂੰ ਅਸਥਾਈ ਤੌਰ 'ਤੇ ਹਟਾਉਣ ਦੇ ਫੈਸਲੇ ਦੀ ਆਲੋਚਨਾ ਕਰਦਿਆਂ ਕਿਹਾ ਕਿ ਸਰਕਾਰ ਨੂੰ ਜੀਐਸਟੀ ਵੀ ਹਟਾਉਣਾ ਚਾਹੀਦਾ ਹੈ ਤਾਂ ਜੋ ਆਮ ਲੋਕਾਂ ਨੂੰ ਵਧੇਰੇ ਰਾਹਤ ਮਿਲ ਸਕੇ। ਇਸ ਦੇ ਜਵਾਬ ਵਿੱਚ ਕਾਰਨੀ ਨੇ ਕਿਹਾ ਕਿ ਇਸ ਨਾਲ ਸਰਕਾਰੀ ਘਾਟਾ ਕਾਫੀ ਵੱਧ ਜਾਵੇਗਾ, ਜਿਸ ਦਾ ਪੋਇਲੀਵਰ ਖੁਦ ਅਕਸਰ ਵਿਰੋਧ ਕਰਦੇ ਹਨ। ਉਨ੍ਹਾਂ ਤਨਜ਼ ਕਰਦਿਆਂ ਕਿਹਾ, "ਇਹ ਸਰਕਾਰ ਹਿਸਾਬ-ਕਿਤਾਬ ਕਰਨਾ ਜਾਣਦੀ ਹੈ।" ਇਸ 'ਤੇ ਪੋਇਲੀਵਰ ਨੇ ਪਲਟਵਾਰ ਕਰਦਿਆਂ ਕਿਹਾ ਕਿ ਸਰਕਾਰ ਪਹਿਲਾਂ ਹੀ ਬਜਟ ਘਾਟੇ ਨੂੰ ਕਾਫੀ ਵਧਾ ਚੁੱਕੀ ਹੈ। ਉਨ੍ਹਾਂ ਸਵਾਲ ਉਠਾਇਆ ਕਿ ਕੀ ਪ੍ਰਧਾਨ ਮੰਤਰੀ ਆਪਣਾ ਹੀ ਬਜਟ ਪੜ੍ਹਦੇ ਹਨ ਅਤੇ ਦੋਸ਼ ਲਾਇਆ ਕਿ ਕਾਰਨੀ ਦੀਆਂ ਨੀਤੀਆਂ ਨੇ ਮਹਿੰਗਾਈ ਨੂੰ ਵਧਾਵਾ ਦਿੱਤਾ ਹੈ। ਕਾਰਨੀ, ਜਿਨ੍ਹਾਂ ਕੋਲ ਅਰਥਸ਼ਾਸਤਰ ਵਿੱਚ ਪੀਐਚਡੀ ਹੈ, ਨੇ ਆਪਣੀ ਸ਼ੈਖਸ਼ਿਕ ਪਿੱਠਭੂਮੀ ਦਾ ਹਵਾਲਾ ਦਿੰਦਿਆਂ ਪੋਇਲੀਵਰ ਦੇ ਦੋਸ਼ਾਂ ਦਾ ਜਵਾਬ ਦਿੱਤਾ, ਜਿਸ ਨਾਲ ਬਹਿਸ ਹੋਰ ਵੀ ਤਿੱਖੀ ਹੋ ਗਈ।

## ਟੋਰਾਂਟੋ ਡਾਊਨਟਾਊਨ...

ਕੌਂਸਲ ਵਲੋਂ ਟੋਰਾਂਟੋ ਡਾਊਨਟਾਊਨ ਵਿਖੇ ਨਗਰ ਕੀਰਤਨ ਦਾ ਅਯੋਜਨ ਕੀਤਾ ਜਾ ਰਿਹਾ ਹੈ। ਕੈਨੇਡਾ ਵਿੱਚ ਇਹ ਤੀਜਾ ਵੱਡਾ ਸਮਾਗਮ ਹੁੰਦਾ ਹੈ। ਓਨਟਾਰੀਓ ਸਿੱਖਸ ਐਂਡ ਗੁਰਦੁਆਰਾ ਕੌਂਸਲ ਦੇ ਚੇਅਰਮੈਨ ਉਂਕਾਰ ਗਰੇਵਾਲ ਵਲੋਂ ਦੱਸਿਆ ਗਿਆ ਕਿ ਇਸ ਸਾਲ ਦੇ ਨਗਰ ਕੀਰਤਨ ਵਿੱਚ ਪਿਛਲੇ ਸਾਲਾਂ ਨਾਲੋਂ ਕੁੱਝ ਤਬਦੀਲੀ ਹੋਈ ਹੈ। ਇਸ ਸਾਲ ਦਾ ਨਗਰ ਕੀਰਤਨ ਟੋਰਾਂਟੋ ਸਿਟੀ ਹਾਲ ਤੋਂ ਹੀ ਸ਼ੁਰੂ ਹੋਵੇਗਾ ਅਤੇ ਸਿਟੀ ਹਾਲ ਵਿਖੇ ਹੀ ਸਮਾਪਤ ਹੋਵੇਗਾ। ਇਸ ਸਾਲ ਐਗਜ਼ੀਬਿਸ਼ਨ ਪਲੇਸ ਵਿਖੇ ਕੋਈ ਵੀ ਪਰੋਗਰਾਮ ਨਹੀਂ ਹੋਵੇਗਾ। ਉਨ੍ਹਾਂ ਦੱਸਿਆ ਸਿਟੀ ਹਾਲ ਵਿਖੇ ਪਰੋਗਰਾਮ 11ਵਜੇ ਤੋਂ ਸ਼ਾਮ 5ਵਜੇ ਤੱਕ ਹੋਵੇਗਾ, ਨਗਰ ਕੀਰਤਨ ਤਕਰੀਬਨ 1:30 ਵਜੇ ਬੇਅ ਸਟ੍ਰੀਟ ਤੋਂ ਸ਼ੁਰੂ ਹੋਵੇਗਾ ਅਤੇ 3 ਵਜੇ ਦੇ ਕਰੀਬ ਯੂਨੀਵਰਸਿਟੀ ਐਵੇਨਿਊ 'ਤੇ ਸਮਾਪਤ ਹੋਵੇਗਾ ਉਸ ਤੋਂ ਬਾਅਦ ਸਿਟੀ ਹਾਲ ਵਿਖੇ ਸਮਾਗਮ ਹੋਣਗੇ ਜਿਹੜੇ ਤਕਰੀਬਨ ਸ਼ਾਮ 5 ਵਜੇ ਤੱਕ ਚੱਲਣਗੇ। ਉਂਕਾਰ ਗਰੇਵਾਲ ਵਲੋਂ ਸਮੂਹ ਸੰਗਤਾਂ ਨੂੰ ਇਸ ਮਹਾਨ ਨਗਰ ਕੀਰਤਨ ਵਿੱਚ ਹੁੰਮ ਹੁਮਾਕੇ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ। ਜਿਹੜੀਆਂ ਸੰਗਤਾਂ ਬੱਸ ਰਾਹੀਂ ਇਸ ਨਗਰ ਕੀਰਤਨ ਵਿੱਚ ਸ਼ਾਮਿਲ ਹੋਣਾ ਚਾਹੁੰਦੀਆਂ ਹਨ ਤਾਂ ਵੱਖ ਵੱਖ ਗੁਰਦੁਆਰਾ ਸਾਹਿਬ ਤੋਂ ਬੱਸਾਂ ਦਾ ਇੰਤਜ਼ਾਮ ਕੀਤਾ ਗਿਆ ਹੈ। ਤੁਸੀਂ ਆਪਣੇ ਨੇੜਲੇ ਗੁਰਦੁਆਰਾ ਸਾਹਿਬ ਤੋਂ ਬੱਸਾਂ ਸਬੰਧੀ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।

## ਕੈਨੇਡਾ 'ਚ ਮਾਰਕ ਕਾਰਨੀ..

ਸਰਕਾਰ ਦੇ ਮੁਤਾਬਕ ਇਸ ਕਦਮ ਨਾਲ ਕਰੀਬ 2.4 ਬਿਲੀਅਨ ਡਾਲਰ ਦਾ ਵਿੱਤੀ ਭਾਰ ਪਵੇਗਾ।

ਉਨ੍ਹਾਂਆਪਣੇ ਬਿਆਨ ਵਿੱਚ ਇਹ ਵੀ ਕਿਹਾ ਕਿ ਇਸ ਫ਼ੈਸਲੇ ਨਾਲ ਟਰੱਕਿੰਗ, ਖਾਣ-ਪੀਣ, ਖੇਤੀਬਾੜੀ, ਹਾਊਸਿੰਗ, ਨਿਰਮਾਣ ਅਤੇ ਡਿਲਿਵਰੀ ਵਰਗੇ ਖੇਤਰਾਂ ਵਿੱਚ ਕੰਮ ਕਰ ਰਹੇ ਕਾਰੋਬਾਰਾਂ ਦੇ ਖ਼ਰਚੇ ਘਟਣਗੇ, ਜਿਸ ਨਾਲ ਆਰਥਿਕ ਗਤੀਵਿਧੀਆਂ ਨੂੰ ਵੀ ਮਦਦ ਮਿਲੇਗੀ। ਇਸ ਸਮੇਂ ਕੈਨੇਡਾ ਵਿੱਚ ਗੈਸ ਦੀ ਔਸਤ ਕੀਮਤ 176 ਸੈਂਟ ਪ੍ਰਤੀ ਲੀਟਰ ਤੋਂ ਵੱਧ ਹੈ, ਜਦਕਿ ਇਸ ਤੋਂ ਪਹਿਲਾਂ ਜਦੋਂ ਅਮਰੀਕਾ ਅਤੇ ਇਜ਼ਰਾਈਲ ਵੱਲੋਂ ਇਰਾਨ 'ਤੇ ਹਮਲਾ ਕੀਤਾ ਗਿਆ ਸੀ, ਕੀਮਤ ਲਗਭਗ 126 ਸੈਂਟ ਪ੍ਰਤੀ ਲੀਟਰ ਸੀ। ਕਾਰਨੀ ਨੇ ਕਿਹਾ ਕਿ ਮਹਿੰਗਾਈ 'ਤੇ ਕਾਬੂ ਪਾਉਣਾ, ਵਧੇਰੇ ਘਰ ਬਣਾਉਣਾ ਅਤੇ ਵੱਡੇ ਵਿਕਾਸ ਪ੍ਰੋਜੈਕਟਾਂ ਨੂੰ ਤੇਜ਼ੀ ਨਾਲ ਅੱਗੇ ਵਧਾਉਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ ਕੈਨੇਡਾ ਲਈ ਆਪਣੀ ਅਰਥਵਿਵਸਥਾ ਨੂੰ ਹੋਰ ਮਜ਼ਬੂਤ ਅਤੇ ਖੁਦਿਨਰਭਰ ਬਣਾਉਣ ਦੀ ਲੋੜ ਨੂੰ ਸਪੱਸ਼ਟ ਕੀਤਾ ਹੈ। ਉਨ੍ਹਾਂ ਨੇ ਆਈ ਐੱਮ ਐੱਫ਼ ਦੀ ਤਾਜ਼ਾ ਰਿਪੋਰਟ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਨ੍ਹਾਂ ਚੁਣੌਤੀਆਂ ਦੇ ਬਾਵਜੂਦ ਉਮੀਦ ਹੈ ਕਿ ਕੈਨੇਡਾ ਮੰਦੀ ਤੋਂ ਬਚ ਜਾਵੇਗਾ।

## ਜੰਗ ਹੁਣ ਆਪਣੇ...

'ਰੀ-ਬਿਲਡ' (Re-build) ਕਰਨ ਵਿੱਚ ਈਰਾਨ ਨੂੰ ਘੱਟੋ-ਘੱਟ 20 ਸਾਲ ਲੱਗਣਗੇ। ਉਨ੍ਹਾਂ ਦਾ ਮੰਨਣਾ ਹੈ ਕਿ ਇਹ ਫੌਜੀ ਦਬਾਅ ਹੀ ਹੈ ਜਿਸਨੇ ਈਰਾਨ ਨੂੰ ਗੱਲਬਾਤ ਦੀ ਮੇਜ਼ 'ਤੇ ਆਉਣ ਲਈ ਮਜਬੂਰ ਕੀਤਾ ਹੈ, ਕਿਉਂਕਿ ਹੁਣ ਈਰਾਨ ਖੁਦ ਹੀ ਕਿਸੇ ਸ਼ਾਂਤੀ ਸਮਝੌਤੇ ਲਈ 'ਡੈਸਪਰੇਟ' (Desperate) ਦਿਖਾਈ ਦੇ ਰਿਹਾ ਹੈ।

ਟਰੰਪ ਦਾ ਮੁੱਖ ਮਕਸਦ ਹੁਣ ਈਰਾਨ ਨੂੰ ਇੱਕ ਅਜਿਹੀ ਸੰਧੀ 'ਤੇ ਦਸਤਖਤ ਕਰਨ ਲਈ ਮਜਬੂਰ ਕਰਨਾ ਹੈ ਜੋ ਉਸਦੇ ਪਰਮਾਣੂ ਪ੍ਰੋਗਰਾਮ ਨੂੰ ਸਥਾਈ ਤੌਰ 'ਤੇ ਰੋਕ ਸਕੇ। ਇਸ ਦੌਰਾਨ, ਕੌਮਾਂਤਰੀ ਪੱਧਰ 'ਤੇ ਇਨ੍ਹਾਂ ਦਾਅਵਿਆਂ ਨੂੰ ਲੈ ਕੇ ਚਰਚਾਵਾਂ ਗਰਮ ਹਨ। ਸੰਯੁਕਤ ਰਾਸ਼ਟਰ ਦੀ ਪਰਮਾਣੂ ਨਿਗਰਾਨੀ ਸੰਸਥਾ (IAEA) ਨੇ ਅਤੀਤ ਵਿੱਚ ਵਾਰ-ਵਾਰ ਇਹ ਕਿਹਾ ਹੈ ਕਿ ਉਨ੍ਹਾਂ ਕੋਲ ਅਜਿਹਾ ਕੋਈ ਠੋਸ ਸਬੂਤ ਨਹੀਂ ਹੈ ਕਿ ਈਰਾਨ ਅਸਲ ਵਿੱਚ ਪਰਮਾਣੂ ਹਥਿਆਰ ਬਣਾ ਰਿਹਾ ਸੀ। ਫਿਲਹਾਲ, ਦੁਨੀਆ ਦੀ ਨਜ਼ਰ ਇਸ ਗੱਲ 'ਤੇ ਟਿਕੀ ਹੈ ਕਿ ਟਰੰਪ ਦਾ ਇਹ ਦਾਅਵਾ ਕਿੰਨਾ ਸੱਚ ਸਾਬਤ ਹੁੰਦਾ ਹੈ ਅਤੇ ਕੀ ਅਸਲ ਵਿੱਚ ਅਮਰੀਕਾ-ਈਰਾਨ ਵਿਚਕਾਰ ਸਥਾਈ ਸ਼ਾਂਤੀ ਦਾ ਰਾਹ ਖੁੱਲ੍ਹੇਗਾ।

## ਸ੍ਰੀ ਆਨੰਦਪੁਰ ਸਾਹਿਬ ਤੋਂ...

ਜਿੱਥੇ ਇੱਕ ਬੱਸ ਹਾਦਸਾਗ੍ਰਸਤ ਹੋ ਗਈ। ਮਿਲੀ ਜਾਣਕਾਰੀ ਅਨੁਸਾਰ ਫਤਿਹਗੜ੍ਹ ਸਾਹਿਬ ਵਿੱਚ ਸ਼ਰਧਾਲੂਆਂ ਨੂੰ ਲੈ ਕੇ ਜਾ ਰਹੀ ਇੱਕ ਬੱਸ ਪਲਟ ਗਈ। ਛੇ ਸ਼ਰਧਾਲੂਆਂ ਦੀ ਮੌਤ ਹੋ ਗਈ ਅਤੇ 15 ਜ਼ਖਮੀ ਹੋ ਗਏ। ਸਾਰੇ ਜ਼ਖਮੀਆਂ ਨੂੰ ਤੁਰੰਤ ਨੇੜਲੇ ਹਸਪਤਾਲਾਂ ਵਿੱਚ ਦਾਖਲ ਕਰਵਾਇਆ ਗਿਆ, ਜਿੱਥੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਬੱਸ ਵਿੱਚ 40 ਸ਼ਰਧਾਲੂ ਸਵਾਰ ਸਨ।

ਘਟਨਾ ਦੀ ਸੂਚਨਾ ਮਿਲਦੇ ਹੀ ਸਥਾਨਕ ਪੁਲਿਸ ਅਤੇ ਬਚਾਅ ਟੀਮਾਂ ਤੁਰੰਤ ਮੌਕੇ 'ਤੇ ਪਹੁੰਚੀਆਂ ਅਤੇ ਬਚਾਅ ਕਾਰਜ ਸ਼ੁਰੂ ਕਰ ਦਿੱਤਾ। ਇਹ ਘਟਨਾ ਦੇਰ ਰਾਤ ਵਾਪਰੀ ਜਦ ਸ਼ਰਧਾਲੂ ਸ੍ਰੀ ਆਨੰਦਪੁਰ ਸਾਹਿਬ ਵਿਖੇ ਵਿਸਾਖੀ ਮੇਲੇ ਤੋਂ ਵਾਪਸ ਪਰਤ ਰਹੇ ਸਨ। ਇਸੇ ਦੌਰਾਨ ਬੱਸ ਵਿੱਚ ਤਕਨੀਕੀ ਖਰਾਬੀ ਆ ਗਈ। ਇਸ ਤੋਂ ਬਾਅਦ ਬੱਸ ਬੇਕਾਬੂ ਹੋ ਕੇ ਬਿਜਲੀ ਦੇ ਖੰਭੇ ਨਾਲ ਟਕਰਾ ਕੇ ਪਲਟ ਗਈ। ਹਾਦਸੇ ਤੋਂ ਬਾਅਦ ਮੌਕੇ 'ਤੇ ਹਫੜਾ ਦਫੜੀ ਮਚ ਗਈ। ਗੰਭੀਰ ਰੂਪ ਵਿੱਚ ਜ਼ਖਮੀ ਸ਼ਰਧਾਲੂਆਂ ਨੂੰ ਚੰਡੀਗੜ੍ਹ ਪੀ.ਜੀ.ਆਈ. ਰੈਫਰ ਕਰ ਦਿੱਤਾ ਗਿਆ ਹੈ। ਐਸ.ਐਸ.ਪੀ. ਡਾ. ਸ਼ੁਭਮ ਅਗਰਵਾਲ ਦਾ ਕਹਿਣਾ ਹੈ ਕਿ ਹਾਦਸਾ ਰਾਤ ਸਾਢੇ 9-10 ਵਜੇ ਦੇ ਕਰੀਬ ਵਾਪਰਿਆ। ਮੈਣ ਮਾਜਰਾ, ਜਿੱਥੇ ਸ਼ਰਧਾਲੂਆਂ ਨੇ ਉਤਰਨਾ ਸੀ, ਉੱਥੋਂ ਸਿਰਫ਼ 1.5 ਕਿਲੋਮੀਟਰ ਦੀ ਦੂਰੀ 'ਤੇ ਸੀ। ਉਨ੍ਹਾਂ ਦੱਸਿਆ ਕਿ ਜ਼ਖਮੀਆਂ ਦਾ ਇਲਾਜ ਚੱਲ ਰਿਹਾ ਹੈ। ਪੁਲਿਸ ਦੇ ਸੀਨੀਅਰ ਅਧਿਕਾਰੀ ਰਾਤ ਨੂੰ ਹੀ ਮੌਕੇ 'ਤੇ ਪਹੁੰਚ ਗਏ ਸਨ। ਪਿੰਡ ਵਾਸੀਆਂ ਨੇ ਬਚਾਅ ਕਾਰਜਾਂ ਵਿੱਚ ਕਾਫੀ ਮਦਦ ਕੀਤੀ ਹੈ। ਬਠਿੰਡਾ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਵੀ ਇਸ ਹਾਦਸੇ 'ਤੇ ਦੁੱਖ ਪ੍ਰਗਟ ਕੀਤਾ ਹੈ। ਉਨ੍ਹਾਂ ਨੇ ਸੋਸ਼ਲ ਮੀਡੀਆ 'ਤੇ ਪੋਸਟ ਸਾਂਝੀ ਕਰਦਿਆਂ ਕਿਹਾ ਕਿ "ਸ੍ਰੀ ਆਨੰਦਪੁਰ ਸਾਹਿਬ ਤੋਂ ਸ਼ਰਧਾਲੂਆਂ ਨੂੰ ਲੈ ਕੇ ਜਾ ਰਹੀ ਬੱਸ ਪਲਟਣ ਕਾਰਨ ਛੇ ਸ਼ਰਧਾਲੂਆਂ ਦੀ ਮੌਤ ਬਾਰੇ ਜਾਣ ਕੇ ਮੈਨੂੰ ਬਹੁਤ ਦੁੱਖ ਹੋਇਆ ਹੈ। ਗੁਰੂ ਸਾਹਿਬ ਵਿਛੜੀਆਂ ਰੂਹਾਂ ਨੂੰ ਸ਼ਾਂਤੀ ਦੇਣ ਅਤੇ ਜ਼ਖਮੀਆਂ ਨੂੰ ਜਲਦੀ ਸਿਹਤਯਾਬੀ ਦੇਣ।"

## ਤਿੰਨੇ ਉਪ-ਚੋਣਾਂ ਜਿੱਤ...

ਪਾਰਟੀ ਤੋਂ ਖੋਹ ਕੇ 338 ਮੈਂਬਰੀ ਕੈਨੇਡਿਆਈ ਪਾਰਲੀਮੈਂਟ ਵਿੱਚ ਲਿਬਰਲ ਪਾਰਟੀ ਦਾ ਅੰਕੜਾ 174 ਤੇ ਪਹੁੰਚਾ ਦਿੱਤਾ ਹੈ। ਬੇਸ਼ੱਕ ਸਿਆਸੀ ਸੂਝ ਵਾਲੇ ਲੋਕ ਪਹਿਲਾਂ ਤੋਂ ਮੰਨ ਰਹੇ ਕਿ ਦੋ ਸੀਟਾਂ ਲਿਬਰਲ ਦੀ ਝੋਲੀ ਪੈ ਸਕਦੀਆਂ ਹਨ, ਪਰ ਨਤੀਜਿਆਂ ਨੇ ਕੁਬੈਕ ਵਾਲੀ ਤੀਜੀ ਸੀਟ ਬਾਰੇ ਕਿਆਸ ਅਰਾਈਆਂ ਨੂੰ ਗਲਤ ਸਾਬਤ ਕਰ ਦਿੱਤਾ ਤੇ ਸੀਟ ਬਲਾਕ ਦੀ ਥਾਂ ਲਿਬਰਲ ਉਮੀਦਵਾਰ ਜੇਤੂ ਰਿਹਾ। ਚੋਣਾਂ ਤੋਂ ਪਹਿਲਾਂ ਪਿਛਲੇ 4-5 ਮਹੀਨਿਆਂ ਵਿੱਚ ਟੋਰੀ ਪਾਰਟੀ ਦੇ ਚਾਰ ਅਤੇ ਐਨਡੀਪੀ ਦੇ ਇੱਕ ਮੈਂਬਰ ਨੇ ਪਾਰਟੀਆਂ ਛੱਡ ਕੇ ਲਿਬਰਲ ਪਾਰਟੀ ਦਾ ਪੱਲਾ ਫੜ ਕੇ ਉਸਨੂੰ ਬਹੁਮੱਤ ਦੇ ਐਨ ਕੋਲ (ਸਿਰਫ ਇੱਕ ਘੱਟ) ਪਹੁੰਚਾ ਦਿੱਤਾ ਸੀ, ਜਿਸ ਕਾਰਣ ਮਾਰਕ ਕਾਰਨੀ ਸਰਕਾਰ ਵਲੋਂ ਸੰਸਦ ਚ ਪੇਸ਼ ਸਾਰੇ ਬਿੱਲ ਪਾਸ ਹੁੰਦੇ ਆਏ। ਦੱਸਣਾ ਬਣਦਾ ਹੈ ਕਿ ਜੇਕਰ ਲਿਬਰਲ ਪਾਰਟੀ ਦੀ ਘੱਟ ਗਿਣਤੀ ਸਰਕਾਰ ਵਲੋਂ ਪੇਸ਼ ਕੋਈ ਵਿੱਤੀ ਬਿੱਲ ਪਾਸ ਨਾ ਹੁੰਦਾ ਤਾਂ ਗਵਨਰ ਜਨਰਲ ਨੂੰ ਉਸੇ ਵੇਲੇ ਸਰਕਾਰ ਤੋੜ ਕੇ ਸੰਸਦੀ ਚੋਣਾਂ ਦਾ ਐਲਾਨ ਕਰਨਾ ਪੈਣਾ ਸੀ।

## ਪੰਜਾਬ ਵਿਧਾਨ...

ਮਾਮਲਿਆਂ 'ਚ ਸ਼ਾਮਲ ਇੱਕ ਪਾਰਟੀ ਜ਼ਿੰਮੇਵਾਰ ਅਫ਼ਸਰਾਂ ਨੂੰ ਅਹਿਮ ਪੋਸਟਾਂ 'ਤੇ ਤਾਇਨਾਤ ਕਰਦੀ ਅਤੇ ਚੋਣਾਂ ਮੌਕੇ ਉਤਾਰਦੀ ਸੀ। ਦੂਜੀ ਪਾਰਟੀ (ਕਾਂਗਰਸ) ਹਕੂਮਤ 'ਚ ਆਉਣ 'ਤੇ ਸਭ ਕੁਝ ਨਜ਼ਰਅੰਦਾਜ਼ ਕਰ ਦਿੰਦੀ ਸੀ। ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਅਤੇ ਪਰਗਟ ਸਿੰਘ ਨੇ ਇਨ੍ਹਾਂ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਕਾਂਗਰਸ ਸਰਕਾਰ ਦੌਰਾਨ ਹੀ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੇ ਬਾਦਲਾਂ ਅਤੇ ਡੇਰਾ ਸਿਰਸਾ ਮੁਖੀ ਨੂੰ ਬੇਅਦਬੀ ਅਤੇ ਗੋਲੀ ਕਾਂਡ ਮਾਮਲਿਆਂ 'ਚ ਦੋਸ਼ੀ ਠਹਿਰਾਇਆ ਸੀ।

ਮੁੱਖ ਮੰਤਰੀ ਭਗਵੰਤ ਮਾਨ ਨੇ ਬਹਿਸ ਸਮੇਟਦਿਆਂ ਕਿਹਾ ਕਿ ਇਹ ਬਿੱਲ ਹੁਣ ਬੇਅਦਬੀ ਦਾ ਅੰਤ ਕਰੇਗਾ ਅਤੇ ਸਖ਼ਤ ਸਜ਼ਾਵਾਂ ਦੇ ਡਰੋਂ ਹੁਣ ਕੋਈ ਅਜਿਹਾ ਅਪਰਾਧ ਕਰਨ ਦੀ ਹਿੰਮਤ ਨਹੀਂ ਕਰੇਗਾ। ਪਿਛਲੀਆਂ ਸਰਕਾਰਾਂ ਨੇ ਬਿੱਲਾਂ 'ਚ ਕਮੀਆਂ ਰੱਖੀਆਂ, ਜਦੋਂਕਿ ਉਨ੍ਹਾਂ ਨੇ ਹਰ ਚੋਰਮੋਰੀ ਬੰਦ ਕੀਤੀ ਹੈ। ਉਨ੍ਹਾਂ ਕਿਹਾ ਕਿ ਜੇਕਰ ਸ੍ਰੀ ਗੁਰੂ ਗਰੰਥ ਸਾਹਿਬ ਪੰਜਾਬ 'ਚ ਸੁਰੱਖਿਅਤ ਨਹੀਂ, ਤਾਂ ਫਿਰ ਹੋਰ ਕਿਤੇ ਨਹੀਂ ਹੋ ਸਕਦੇ। ਮੁੱਖ ਮੰਤਰੀ ਨੇ ਸੋਧ ਬਿੱਲ ਦੇ ਵੇਰਵੇ ਸਾਂਝੇ ਕਰਦਿਆਂ ਕਿਹਾ ਕਿ ਇਹ ਸਟੇਟ ਬਿੱਲ ਹੈ, ਜਿਸ ਵਾਸਤੇ ਰਾਸ਼ਟਰਪਤੀ ਦੀ ਪ੍ਰਵਾਨਗੀ ਦੀ ਲੋੜ ਨਹੀਂ। ਉਹ ਰਾਜਪਾਲ ਤੋਂ ਵੀ ਜਲਦੀ ਸਹਿਮਤੀ ਲੈਣ ਦੀ ਕੋਸ਼ਿਸ਼ ਕਰਨਗੇ ਅਤੇ ਇਸ ਕੰਮ 'ਚ ਵਿਰੋਧੀ ਧਿਰਾਂ ਵੀ ਸਾਥ ਦੇ ਸਕਦੀਆਂ ਹਨ। ਪੰਜਾਬ ਵਿਧਾਨ ਸਭਾ ਵੱਲੋਂ ਗੁਰਬਾਣੀ ਦੇ ਪ੍ਰਸਾਰਨ 'ਤੇ ਏਕਾਧਿਕਾਰ ਖ਼ਤਮ ਕਰਨ ਲਈ ਪਾਸ ਕੀਤੇ ਬਿੱਲ ਦੇ ਰਾਸ਼ਟਰਪਤੀ ਕੋਲ ਲੰਬਿਤ ਪਏ ਹੋਣ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਹ ਇਸ ਬਿੱਲ ਬਾਰੇ ਸਰਬ ਪਾਰਟੀ ਮੀਟਿੰਗ ਕਰ ਸਕਦੇ ਹਨ, ਤਾਂ ਜੋ ਬਕਾਇਆ ਬਿੱਲ ਪਾਸ ਕਰਾਇਆ ਜਾ ਸਕੇ। ਇਸ ਤੋਂ ਪਹਿਲਾਂ ਸੋਧ ਬਿੱਲ 'ਤੇ ਸਦਨ ਵਿਚ ਲੰਮੀ ਬਹਿਸ ਹੋਈ ਅਤੇ ਹਾਕਮ ਧਿਰ ਦੇ ਮੈਂਬਰਾਂ ਨੇ ਬਿੱਲ ਬਾਰੇ ਵਿਚਾਰ ਰੱਖੇ। ਸੱਤਾਧਾਰੀ ਧਿਰ ਦੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ, ਹਰਜੋਤ ਸਿੰਘ ਬੈਂਸ, ਇੰਦਰਵੀਰ ਸਿੰਘ ਨਿੱਝਰ ਅਤੇ ਬਲਜਿੰਦਰ ਕੌਰ ਆਦਿ ਨੇ ਬਹਿਸ 'ਚ ਹਿੱਸਾ ਲਿਆ। ਕਾਂਗਰਸੀ ਵਿਧਾਇਕ ਤ੍ਰਿਪਤ ਰਜਿੰਦਰ ਬਾਜਵਾ ਨੇ ਸਵਾਲ ਕੀਤਾ ਕਿ ਜੇਕਰ ਬੇਅਦਬੀ ਮਾਮਲਿਆਂ 'ਚ ਸ੍ਰੀ ਗੁਰੂ ਗਰੰਥ ਸਾਹਿਬ ਦੇ ਪਾਵਨ ਸਰੂਪਾਂ ਨੂੰ ਕੇਸ ਪ੍ਰਾਪਰਟੀ ਬਣਾਇਆ ਜਾਂਦਾ ਹੈ ਤਾਂ ਪਵਿੱਤਰ ਗਰੰਥ ਨੂੰ ਕਿੱਥੇ ਰੱਖਿਆ ਜਾਵੇਗਾ, ਜਿਸ ਨਾਲ ਮਰਿਆਦਾ ਭੰਗ ਨਾ ਹੋਵੇ। ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਨੇ ਕਿਹਾ ਕਿ ਬੇਅਦਬੀ ਮਾਮਲਿਆਂ ਦੇ ਇਨਸਾਫ਼ ਲਈ ਮੁਕੱਦਮੇ ਨੂੰ ਸਮਾਂਬੱਧ ਕੀਤਾ ਜਾਵੇ। ਸੋਧ ਬਿੱਲ 'ਚ ਗੁੰਜਾਇਸ਼ ਰੱਖੀ ਜਾਵੇ ਕਿ ਜੇ ਇਸ ਕਾਨੂੰਨ ਦੀ ਦੁਰਵਰਤੋਂ ਹੋਵੇ ਤਾਂ ਨਵੀਂ ਸੋਧ ਕੀਤੀ ਜਾ ਸਕੇ। ਬਸਪਾ ਵਿਧਾਇਕ ਡਾ. ਨਛੱਤਰਪਾਲ ਨੇ ਬਿੱਲ ਦੀ ਹਮਾਇਤ ਕਰਦਿਆਂ ਡਾ. ਅੰਬੇਦਕਰ ਦੇ ਬੁੱਤਾਂ ਦੀ ਬੇਅਦਬੀ ਨੂੰ ਵੀ ਦਾਇਰੇ 'ਚ ਲਿਆਉਣ ਦੀ ਗੱਲ ਕਹੀ। ਆਜ਼ਾਦ ਵਿਧਾਇਕ ਰਾਣਾ ਇੰਦਰ ਪ੍ਰਤਾਪ ਸਿੰਘ ਨੇ ਸਵਾਲ ਕੀਤਾ ਕਿ ਜੇਕਰ ਪੰਜਾਬ ਤੋਂ ਬਾਹਰ ਬੇਅਦਬੀ ਹੁੰਦੀ ਹੈ ਤਾਂ ਕਿਵੇਂ ਨਜਿੱਠਿਆ ਜਾਵੇਗਾ। ਉਨ੍ਹਾਂ ਸਵਾਲ ਕੀਤਾ ਕਿ ਕੀ ਸਿਲੈਕਟ ਕਮੇਟੀ ਨੇ ਸ਼੍ਰੋਮਣੀ ਕਮੇਟੀ ਦਾ ਸਲਾਹ ਮਸ਼ਵਰਾ ਲਿਆ ਹੈ।










# ਬੀ.ਸੀ 'ਚ ਚਰਚਿਤ ਪੰਜਾਬੀ ਰੇਡੀਓਕਾਰ ਨੂੰ 108 ਕਿਲੋ ਮੈਥ ਸਮੱਗਲ ਕਰਨ ਦੇ ਦੋਸ਼ 'ਚ ਸਾਢੇ ਪੰਜ ਸਾਲ ਦੀ ਸਜ਼ਾ



ਨਿਊ ਵੈਸਟਮਿੰਸਟਰ (ਬ੍ਰਿਟਿਸ਼ ਕੋਲੰਬੀਆ): ਬ੍ਰਿਟਿਸ਼ ਕੋਲੰਬੀਆ ਵਿੱਚ ਚਰਚਿਤ ਪੰਜਾਬੀ ਰੇਡੀਓ ਮੀਡੀਆਕਾਰ ਸੁਖਵਿੰਦਰ ਕੌਰ ਸੰਘਾ (47 ਸਾਲ) ਨੂੰ ਅਮਰੀਕਾ ਤੋਂ ਕੈਨੇਡਾ ਵਿੱਚ 108 ਕਿਲੋਗ੍ਰਾਮ ਜ਼ਹਿਰੀਲਾ ਨਸ਼ਾ (ਮੈਥਾਮਫੈਟਾਮੀਨ) ਸਮੱਗਲ ਕਰਨ ਦੇ ਦੋਸ਼ਾਂ ਹੇਠ ਬੀ.ਸੀ. ਸੁਪਰੀਮ ਕੋਰਟ ਨੇ ਸਾਢੇ ਪੰਜ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ। ਅਦਾਲਤ ਵਿੱਚ ਉਸ ਨੇ 2024 ਵਿਚ ਗੈਰ-ਕਾਨੂੰਨੀ ਇਮਪੋਰਟੇਸ਼ਨ (unlawful importation) ਦਾ ਦੋਸ਼ ਕਬੂਲ ਲਿਆ ਸੀ। ਫਿਰ ਵੀ ਉਸ ਨੇ ਅਦਾਲਤ ਵਿੱਚ ਝੂਠੀ ਬਿਆਨਬਾਜ਼ੀ ਕਰਕੇ ਆਪਣੇ ਆਪ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਅਤੇ ਦਾਅਵਾ ਕੀਤਾ ਕਿ ਸਮੱਗਲਰਾਂ ਨੇ ਉਸ ਨੂੰ ਜਾਨ ਤੋਂ ਮਾਰਨ ਦੀ ਧਮਕੀ ਦੇ ਕੇ ਇਹ ਕੰਮ ਕਰਵਾਇਆ ਸੀ। ਬੀ.ਸੀ. ਸੁਪਰੀਮ ਕੋਰਟ ਦੇ ਜੱਜ ਨੇ ਇਸ ਬਿਆਨ ਨੂੰ ਝੂਠਾ ਐਲਾਨਦਿਆਂ ਕਿਹਾ ਕਿ ਟੈਕਸਟ ਮੈਸੇਜ ਅਤੇ ਹੋਰ ਸਬੂਤਾਂ ਤੋਂ ਲੱਗਦਾ ਹੈ ਕਿ ਸੰਘਾ ਇਸ ਨਸ਼ਾ ਤਸਕਰੀ ਵਿੱਚ ਇੱਕ ਭਰੋਸੇਯੋਗ ਅਤੇ ਇੱਛੁਕ ਭਾਗੀਦਾਰ ਸੀ।

ਘਟਨਾ 21 ਅਕਤੂਬਰ 2021 ਦੀ ਹੈ। ਸੁਖਵਿੰਦਰ ਕੌਰ ਸੰਘਾ ਇੱਕ ਕਿਰਾਏ ਦੀ ਗੱਡੀ (ਫਲੋਰੀਡਾ ਨੰਬਰ ਪਲੇਟ ਵਾਲੀ) ਵਿਚ ਅਮਰੀਕਾ ਤੋਂ ਕੈਨੇਡਾ ਵਾਪਸ ਆ ਰਹੀ ਸੀ। ਬਾਰਡਰ ਤੇ ਇਮੀਗ੍ਰੇਸ਼ਨ ਅਫਸਰਾਂ ਨੂੰ ਉਸ ਨੇ ਦੱਸਿਆ ਕਿ ਉਹ ਆਪਣੀ ਅੰਟੀ ਦੀ ਅੰਤਿਮ ਯਾਤਰਾ (ਫਿਊਨਰਲ) ਲਈ ਅਮਰੀਕਾ ਗਈ ਸੀ। ਜਦੋਂ ਅਧਿਕਾਰੀਆਂ ਨੇ ਗੱਡੀ ਦੀ ਚੈੱਕਿੰਗ ਕਰਨ ਲਈ ਆਖਿਆ ਤਾਂ ਉਸ ਨੇ ਗੱਡੀ ਭਜਾ ਲਈ। ਬਾਅਦ ਵਿਚ ਉਸ ਨੂੰ ਸਰੀ ਵਿੱਚ ਗ੍ਰਿਫਤਾਰ ਕਰ ਲਿਆ ਗਿਆ ਅਤੇ ਗੱਡੀ ਵਿਚੋਂ 108 ਕਿਲੋਗ੍ਰਾਮ ਮੈਥ ਬਰਾਮਦ ਹੋਇਆ। ਇਸ ਮਾਮਲੇ ਵਿੱਚ ਸਜ਼ਾ 10 ਅਪ੍ਰੈਲ 2026 ਨੂੰ ਦਿੱਤੀ ਗਈ ਸੀ।

# ਅਫਗਾਨਿਸਤਾਨ ਵਿੱਚ ਮੌਸਮ ਨੇ ਮਚਾਈ ਤਬਾਹੀ

## ਹੁਣ ਤੱਕ 148 ਲੋਕਾਂ ਦੀ ਮੌਤ, 73 ਹਜ਼ਾਰ ਤੋਂ ਵੱਧ ਲੋਕ ਪ੍ਰਭਾਵਿਤ



ਅਫ਼ਗਾਨਿਸਤਾਨ ਵਿੱਚ ਪਿਛਲੇ ਦੋ ਹਫ਼ਤਿਆਂ ਵਿੱਚ ਮੌਸਮ ਨੇ ਤਬਾਹੀ ਮਚਾਈ ਹੋਈ ਹੈ। ਭਾਰੀ ਮੀਂਹ, ਹੜ੍ਹ, ਜ਼ਮੀਨ ਖਿਸਕਣ, ਭੂਚਾਲ ਅਤੇ ਬਿਜਲੀ ਡਿੱਗਣ ਵਰਗੀਆਂ ਘਟਨਾਵਾਂ ਨੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ ਹੈ। ਇਨ੍ਹਾਂ ਆਫ਼ਤਾਂ ਵਿੱਚ ਹੁਣ ਤੱਕ 148 ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ 216 ਤੋਂ ਵੱਧ ਲੋਕ ਜ਼ਖ਼ਮੀ ਹੋਏ ਹਨ। ਹਾਲਾਤ ਇੰਨੇ ਮਾੜੇ ਹਨ ਕਿ ਹਜ਼ਾਰਾਂ ਪਰਿਵਾਰ ਬੇਘਰ ਹੋ ਗਏ ਹਨ ਅਤੇ ਕਈ ਖੇਤਰਾਂ ਵਿਚ ਜਨਜੀਵਨ ਪੂਰੀ ਤਰ੍ਹਾਂ ਠੱਪ ਹੋ ਗਿਆ ਹੈ।

ਜਾਣਕਾਰੀ ਅਨੁਸਾਰ ਅਫਗਾਨਿਸਤਾਨ ਦੇ ਕਈ ਹਿੱਸਿਆਂ 'ਚ ਲਗਾਤਾਰ ਖਰਾਬ ਮੌਸਮ ਕਾਰਨ ਤਬਾਹੀ ਵਧ ਰਹੀ ਹੈ। ਰਾਹਤ ਏਜੰਸੀਆਂ ਮੁਤਾਬਿਕ ਇਹ ਆਫ਼ਤ ਨਾ ਸਿਰਫ਼ ਜਾਨ-ਮਾਲ ਦਾ ਨੁਕਸਾਨ ਕਰ ਰਹੀ ਹੈ ਸਗੋਂ ਦੇਸ਼ ਵਿੱਚ ਮਨੁੱਖੀ ਸੰਕਟ ਵੀ ਪੈਦਾ ਕਰ ਰਹੀ ਹੈ। ਦਿਹਾਤੀ ਅਤੇ ਕਮਜ਼ੋਰ ਖੇਤਰਾਂ ਵਿੱਚ ਸਥਿਤੀ ਵਧੇਰੇ ਗੰਭੀਰ ਹੈ, ਜਿੱਥੇ ਲੋਕਾਂ ਕੋਲ ਸੁਰੱਖਿਆ ਦੇ ਸਾਧਨ ਵੀ ਨਹੀਂ ਹਨ। ਪੂਰਬੀ ਅਫਗਾਨਿਸਤਾਨ ਦਾ ਨੰਗਰਹਾਰ ਸੂਬਾ ਇਸ ਆਫਤ ਨਾਲ ਸਭ ਤੋਂ ਜ਼ਿਆਦਾ ਪ੍ਰਭਾਵਿਤ ਹੋਇਆ ਹੈ। ਇੱਥੇ ਪਿਛਲੇ ਦੋ ਦਿਨਾਂ ਵਿੱਚ ਹੀ 24 ਲੋਕਾਂ ਦੀ ਮੌਤ ਹੋ ਗਈ ਹੈ ਅਤੇ 33 ਲੋਕ ਜ਼ਖਮੀ ਹੋਏ ਹਨ। ਛੱਤ ਡਿੱਗਣ, ਹੜ੍ਹ ਦੇ ਪਾਣੀ ਅਤੇ ਹਨੇਰੀ ਕਾਰਨ ਕਈ ਲੋਕਾਂ ਦੀ ਜਾਨ ਚਲੀ ਗਈ। ਖੇਤਰ ਦੇ 1,149 ਘਰ ਪੂਰੀ ਤਰ੍ਹਾਂ ਤਬਾਹ ਹੋ ਗਏ ਹਨ ਅਤੇ ਸੜਕਾਂ, ਖੇਤੀਬਾੜੀ ਅਤੇ ਬੁਨਿਆਦੀ ਢਾਂਚੇ ਨੂੰ ਭਾਰੀ ਨੁਕਸਾਨ ਪਹੁੰਚਿਆ ਹੈ।

ਰਿਪੋਰਟਾਂ ਅਨੁਸਾਰ 7,500 ਤੋਂ ਵੱਧ ਪਰਿਵਾਰ ਇਸ ਆਫ਼ਤ ਨਾਲ ਪ੍ਰਭਾਵਿਤ ਹੋਏ ਹਨ। ਹੜ੍ਹਾਂ ਦੇ ਪਾਣੀ ਨੇ ਪਿੰਡਾਂ ਅਤੇ ਸ਼ਹਿਰਾਂ ਨੂੰ ਡੋਬ ਦਿੱਤਾ ਹੈ। ਬਹੁਤ ਸਾਰੇ ਲੋਕ ਫਸੇ ਹੋਏ ਸਨ ਅਤੇ ਉਨ੍ਹਾਂ ਨੂੰ ਹਵਾਈ ਜਹਾਜ਼ ਰਾਹੀਂ ਸੁਰੱਖਿਅਤ ਬਾਹਰ ਕੱਢ ਲਿਆ ਗਿਆ। ਸੜਕਾਂ ਟੁੱਟਣ ਕਾਰਨ ਕਾਬੁਲ ਅਤੇ ਹੋਰ ਸੂਬਿਆਂ ਵਿਚਕਾਰ ਸੰਚਾਰ ਵਿੱਚ ਵੀ ਵਿਘਨ ਪਿਆ ਹੈ, ਜਿਸ ਨਾਲ ਰਾਹਤ ਕਾਰਜਾਂ ਵਿੱਚ ਰੁਕਾਵਟ ਆ ਰਹੀ ਹੈ। ਮੌਸਮ ਵਿਭਾਗ ਨੇ ਚੇਤਾਵਨੀ ਦਿੱਤੀ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਹਾਲਾਤ ਹੋਰ ਵਿਗੜ ਸਕਦੇ ਹਨ। ਇਸ ਕਾਰਨ ਲੋਕਾਂ ਵਿੱਚ ਡਰ ਵਧ ਗਿਆ ਹੈ ਕਿ ਮੌਤਾਂ ਅਤੇ ਤਬਾਹੀ ਦੀ ਗਿਣਤੀ ਹੋਰ ਵੱਧ ਸਕਦੀ ਹੈ। ਅਫਗਾਨਿਸਤਾਨ ਜੋ ਪਹਿਲਾਂ ਹੀ ਲਗਾਤਾਰ ਤਬਾਹੀ ਨਾਲ ਜੂਝ ਰਿਹਾ ਹੈ, ਇਸ ਵਾਰ ਇਕ ਵਾਰ ਫਿਰ ਵੱਡੀ ਚੁਣੌਤੀ ਦਾ ਸਾਹਮਣਾ ਕਰ ਰਿਹਾ ਹੈ।

# ਟਰੰਪ ਸਰਕਾਰ ਨੇ ਕੱਢੇ 113 ਇੰਮੀਗਰੇਸ਼ਨ ਜੱਜ

* ਡਿਪੋਰਟੇਸ਼ਨ 'ਤੇ ਰੋਕ ਲਾਉਣ ਵਾਲੇ ਬਣੇ ਨਿਸ਼ਾਨਾ

* ਜੱਜਾਂ ਦੀ ਐਸੋਸੀਏਸ਼ਨ ਨੇ ਬਰਖ਼ਾਸਤਗੀ ਨੂੰ ਧੱਕੇਸ਼ਾਹੀ ਦੱਸਿਆ




ਵਾਸ਼ਿੰਗਟਨ : ਟਰੰਪ ਸਰਕਾਰ ਇੰਮੀਗ੍ਰੇਸ਼ਨ ਜੱਜਾਂ ਤੋਂ ਗਿਣ-ਗਿਣ ਬਦਲੇ ਲੈ ਰਹੀ ਹੈ ਅਤੇ ਡਿਪੋਰਟੇਸ਼ਨ ਹੁਕਮਾਂ 'ਤੇ ਰੋਕ ਲਾਉਣ ਵਾਲੇ ਨੌਕਰੀ ਤੋਂ ਹੀ ਬਰਖ਼ਾਸਤ ਕੀਤੇ ਜਾ ਰਹੇ ਹਨ। ਜੀ ਹਾਂ, ਨੈਸ਼ਨਲ ਐਸੋਸੀਏਸ਼ਨ ਆਫ਼ ਇੰਮੀਗ੍ਰੇਸ਼ਨ ਜੱਜਿਜ਼ ਨੇ ਦੱਸਿਆ ਕਿ ਤਾਜ਼ਾ ਹੁਕਮਾਂ ਤਹਿਤ 6 ਜੱਜਾਂ ਨੂੰ ਬਰਖ਼ਾਸਤ ਕਰ ਦਿਤਾ ਗਿਆ ਅਤੇ ਡੌਨਲਡ ਟਰੰਪ ਦੇ ਸੱਤਾ ਵਿਚ ਆਉਣ ਮਗਰੋਂ 113 ਜੱਜਾਂ ਨੂੰ ਕੱਢਿਆ ਜਾ ਚੁੱਕਾ ਹੈ। ਐਸੋਸੀਏਸ਼ਨ ਨੇ ਬਰਖਾਸਤਗੀਆਂ ਨੂੰ ਸਰਾਸਰ ਨਾਜਾਇਜ਼ ਅਤੇ ਧੱਕੇਸ਼ਾਹੀ ਕਰਾਰ ਦਿੰਦਿਆਂ ਕਿਹਾ ਕਿ ਟਰੰਪ ਦਾ ਦੂਜਾ ਕਾਰਜਕਾਲ ਸ਼ੁਰੂ ਹੋਣ ਤੋਂ ਪਹਿਲਾਂ ਇੰਮੀਗ੍ਰੇਸ਼ਨ ਅਦਾਲਤਾਂ ਨਾਲ ਅਜਿਹਾ ਸਲੂਕ ਕਦੇ ਵੀ ਨਹੀਂ ਸੀ ਹੋਇਆ। ਮੈਸਾਚਿਊਟਸ ਦੀ ਜੱਜ ਰੂਪਲ ਪਟੇਲ ਅਤੇ ਨੀਨਾ ਫ਼ਰੋਜ਼ ਨੇ ਪਿਛਲੇ ਸਮੇਂ ਦੌਰਾਨ ਫ਼ਲਸਤੀਨ ਹਮਾਇਤੀ ਵਿਦਿਆਰਥੀਆਂ ਰੁਮਾਇਸਾ ਅਤੇ ਮੋਹਸਿਨ ਮਾਹਦਾਵੀ ਨੂੰ ਡਿਪੋਰਟ ਕਰਨ ਦੇ ਹੁਕਮਾਂ 'ਤੇ ਰੋਕ ਲਾਈ ਅਤੇ ਹੁਣ ਇਨ੍ਹਾਂ ਨੂੰ ਨੌਕਰੀ ਤੋਂ ਕੱਢ ਦਿਤਾ ਗਿਆ ਹੈ।

ਰੂਪਨ ਪਟੇਲ, ਬੋਸਟਨ ਦੀ ਇੰਮੀਗ੍ਰੇਸ਼ਨ ਅਦਾਲਤ ਵਿਚ ਤੈਨਾਤ ਸਨ ਜਦਕਿ ਨੀਨਾ ਫਰੋਜ਼ ਚੈਲਮਜ਼ਫੋਰਡ ਦੀ ਇੰਮੀਗ੍ਰੇਸ਼ਤਨ ਅਦਾਲਤ ਦਾ ਕੰਮਕਾਜ ਦੇਖ ਰਹੇ ਸਨ। ਦੱਸ ਦੇਈਏ ਕਿ ਟਰੰਪ ਸਰਕਾਰ ਵੱਲੋਂ ਇੰਮੀਗ੍ਰੇਸ਼ਨ ਜੱਜਾਂ ਦੀ ਸ਼ਰ੍ਹੇਆਮ ਨੁਕਤਾਚੀਨੀ ਕੀਤੀ ਗਈ ਜਦੋਂ ਉਨ੍ਹਾਂ ਨੇ ਸਰਕਾਰੀ ਹੁਕਮਾਂ 'ਤੇ ਰੋਕ ਲਾਈ। ਨਿਆਂ ਵਿਭਾਗ ਨੂੰ ਜਦੋਂ ਜੱਜਾਂ ਦੀ ਬਰਖਾਸਤਗੀ ਬਾਰੇ ਪੁੱਛਿਆ ਗਿਆ ਤਾਂ ਇਕ ਅਧਿਕਾਰੀ ਨੇ ਬਿਆਨ ਜਾਰੀ ਕਰਦਿਆਂ ਕਿਹਾ ਕਿ ਹਰ ਜੱਜ ਵਾਸਤੇ ਮੁਕੱਦਮੇ ਦੀ ਸੁਣਵਾਈ ਕਰਦਿਆਂ ਕਾਨੂੰਨੀ, ਇਖਲਾਕੀ ਅਤੇ ਪੇਸ਼ੇਵਰ ਫ਼ਰਜ਼ ਨਿਭਾਉਣਾ ਲਾਜ਼ਮੀ ਹੈ ਤਾਂਕਿ ਨਿਰਪੱਖ ਤਰੀਕੇ ਨਾਲ ਫ਼ੈਸਲਾ ਸਾਹਮਣੇ ਆ ਸਕੇ। ਜੇ ਕੋਈ ਜੱਜ ਪੱਖਪਾਤ ਕਰਦਾ ਹੈ ਜਾਂ ਕਿਸੇ ਧਿਰ ਵਿਸ਼ੇਸ਼ ਦੇ ਹੱਕ ਵਿਚ ਜਾਂਦਾ ਹੈ ਤਾਂ ਉਸ ਵਿਰੁੱਧ ਕਾਰਵਾਈ ਬੇਹੱਦ ਜ਼ਰੂਰੀ ਹੋ ਜਾਂਦੀ ਹੈ। ਇਸ ਦੇ ਉਲਟ ਟਰੰਪ ਸਰਕਾਰ ਵੱਲੋਂ ਇੰਮੀਗ੍ਰੇਸ਼ਨ ਅਦਾਲਤਾਂ ਦੇ ਜੱਜਾਂ 'ਤੇ ਦਬਾਅ ਪਾਉਂਦਿਆਂ ਅਸਾਇਲਮ ਕਲੇਮ ਰੱਦ ਕਰਵਾਏ ਜਾ ਰਹੇ ਹਨ।

ਟ੍ਰਾਂਸੈਕਸ਼ਨਲ ਰਿਕਾਰਡਜ਼ ਐਕਸੈਸ ਕਲੀਅਰਿੰਗ ਹਾਊਸ ਦੇ ਅੰਕੜਿਆਂ ਮੁਤਾਬਕ 2022 ਤੋਂ 2024 ਦਰਮਿਆਨ 50 ਫ਼ੀ ਸਦੀ ਤੋਂ ਵੱਧ ਅਸਾਇਲਮ ਕਲੇਮ ਪ੍ਰਵਾਨ ਕੀਤੇ ਜਾ ਰਹੇ ਸਨ ਪਰ 2025 ਵਿਚ ਅੰਕੜਾ ਸਿਰਫ਼ 29 ਫ਼ੀ ਸਦੀ ਰਹਿ ਗਿਆ। ਇਸੇ ਤਰ੍ਹਾਂ 2024 ਦੌਰਾਨ ਇੰਮੀਗ੍ਰੇਸ਼ਨ ਹਿਰਾਸਤੀਆਂ ਨੂੰ ਬੌਂਡ ਨਾਲ ਸਬੰਧਤ 59 ਫ਼ੀ ਸਦੀ ਅਦਾਲਤੀ ਫੈਸਲੇ ਪ੍ਰਵਾਸੀਆਂ ਦੇ ਹੱਕ ਵਿਚ ਗਏ ਪਰ ਪਿਛਲੇ ਵਰ੍ਹੇ ਅੰਕੜਾ ਸਿਰਫ਼ 30 ਫ਼ੀ ਸਦੀ ਰਹਿ ਗਿਆ। ਅਮਰੀਕਾ ਦੇ ਇੰਮੀਗ੍ਰੇਸ਼ਨ ਹਿਰਾਸਤੀ ਕੇਂਦਰਾਂ ਵਿਚ ਬੰਦ ਪ੍ਰਵਾਸੀਆਂ ਦੀ ਗਿਣਤੀ 73 ਹਜ਼ਾਰ ਤੋਂ ਉਤੇ ਦੱਸੀ ਜਾ ਰਹੀ ਹੈ ਅਤੇ ਇਨ੍ਹਾਂ ਵਿਚੋਂ ਜ਼ਿਆਦਾਤਰ ਉਤੇ ਸੈਲਫ਼ ਡਿਪੋਰਟ ਹੋਣ ਦਾ ਦਬਾਅ ਪਾਇਆ ਜਾ ਰਿਹਾ ਹੈ।

# ਅਮਰੀਕਾ 'ਚ 12 ਪੰਜਾਬੀ ਡਰਾਈਵਰਾਂ 'ਤੇ ਦੂਹਰੀ ਮਾਰ

* ਫ਼ਲੋਰੀਡਾ 'ਚ ਅਪ੍ਰੇਸ਼ਨ ਹਾਈਵੇਅ ਸ਼ੀਲਡ ਦੌਰਾਨ 176 ਡਰਾਈਵਰ ਟੰਗੇ

* ਕੋਈ ਗੈਰਕਾਨੂੰਨੀ ਪ੍ਰਵਾਸੀ ਅਤੇ ਕੋਈ ਅੰਗਰੇਜ਼ੀ ਪੱਖੋਂ ਸੱਖਣਾ ਸਾਬਤ




ਫ਼ਲੋਰੀਡਾ : ਅਮਰੀਕਾ ਵਿਚ ਚੁੱਪ-ਚਪੀਤੇ ਟਰੱਕ ਚਲਾ ਕੇ ਆਪਣਾ ਗੁਜ਼ਾਰਾ ਚਲਾ ਰਹੇ 12 ਪੰਜਾਬੀ ਡਰਾਈਵਰ ਲਾਅ ਐਨਫ਼ੋਰਸਮੈਂਟ ਏਜੰਸੀਆਂ ਦੇ ਅੜਿੱਕੇ ਆ ਗਏ ਜਿਨ੍ਹਾਂ ਵਿਚੋਂ ਜ਼ਿਆਦਾਤਰ ਨੂੰ ਡਿਪੋਰਟ ਕੀਤਾ ਜਾ ਸਕਦਾ ਹੈ। ਫ਼ਲੋਰੀਡਾ ਵਿਚ ਚਾਰ ਦਿਨ ਤੱਕ ਜਾਰੀ ਰਹੇ ਅਪ੍ਰੇਸ਼ਨ ਹਾਈਵੇਅ ਸ਼ੀਲਡ ਦੌਰਾਨ 3,300 ਤੋਂ ਵੱਧ ਕਮਰਸ਼ੀਅਲ ਵ੍ਹੀਕਲਜ਼ ਦੀ ਚੈਕਿੰਗ ਕੀਤੀ ਗਈ ਅਤੇ ਇਨ੍ਹਾਂ ਵਿਚੋਂ ਕਈ ਅੰਗਰੇਜ਼ੀ ਨਾ ਆਉਂਦੀ ਹੋਣ ਕਰ ਕੇ ਕਮਰਸ਼ੀਅਲ ਡਰਾਈਵਰਜ਼ ਲਾਇਸੰਸ ਗਵਾ ਬੈਠੇ ਅਤੇ ਕੁਝ ਇੰਮੀਗ੍ਰੇਸ਼ਨ ਸ਼ਰਤਾਂ ਦੀ ਸਿੱਧੇ ਤੌਰ 'ਤੇ ਉਲੰਘਣਾ ਕਰਦੇ ਫੜੇ ਗਏ। 176 ਡਰਾਈਵਰਾਂ ਨੂੰ ਪੱਕੇ ਤੌਰ 'ਤੇ ਟਰੱਕ ਡਰਾਈਵਿੰਗ ਦੇ ਕਿੱਤੇ ਵਿਚੋਂ ਬਾਹਰ ਕੱਢ ਦਿਤਾ ਗਿਆ ਹੈ ਜਿਨ੍ਹਾਂ ਵਿਚੋਂ 54 ਅੰਗਰੇਜ਼ੀ ਦੀ ਮਾਰ ਹੇਠ ਆਏ।

ਇਸ ਤੋਂ ਇਲਾਵਾ 35 ਜਣਿਆਂ ਨੂੰ ਅਪਰਾਧਕ ਦੋਸ਼ਾਂ ਹੇਠ ਗ੍ਰਿਫ਼ਤਾਰ ਕੀਤਾ ਗਿਆ ਜਦਕਿ 42 ਜਣੇ ਇੰਮੀਗ੍ਰੇਸ਼ਨ ਪੱਖੋਂ ਕੱਚੇ ਸਾਬਤ ਹੋਏ। ਫ਼ਲੋਰੀਡਾ ਹਾਈਵੇ ਪੈਟਰੋਲ ਤੋਂ ਇਲਾਵਾ ਇਸ ਵੱਡੀ ਮੁਹਿੰਮ ਵਿਚ ਅਮਰੀਕਾ ਦੇ ਟ੍ਰਾਂਸਪੋਰਟੇਸ਼ਨ ਵਿਭਾਗ, ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ ਮਹਿਕਮੇ ਅਤੇ ਫਲੋਰੀਡਾ ਦੇ ਖੇਤੀ ਅਤੇ ਖਪਤਕਾਰ ਸੇਵਾਵਾਂ ਵਿਭਾਗ ਦੀਆਂ ਟੀਮਾਂ ਨੇ ਸ਼ਮੂਲੀਅਤ ਕੀਤੀ। ਇੰਮੀਗ੍ਰੇਸ਼ਨ ਐਂਡ ਕਸਟਮਜ਼ ਐਨਫ਼ੋਰਸਮੈਂਟ ਵਾਲਿਆਂ ਦੇ ਸਪੁਰਦ ਕੀਤੇ ਭਾਰਤੀ ਡਰਾਈਵਰਾਂ ਦੀ ਪਛਾਣ ਫ਼ਿਲਹਾਲ ਜਨਤਕ ਨਹੀਂ ਕੀਤੀ ਗਈ ਪਰ ਜਲਦ ਹੀ ਇਨ੍ਹਾਂ ਦੀਆਂ ਤਸਵੀਰਾਂ ਅਤੇ ਹੋਰ ਵੇਰਵੇ ਸਾਹਮਣੇ ਆ ਸਕਦੇ ਹਨ।

ਇਥੇ ਦਸਣਾ ਬਣਦਾ ਹੈ ਕਿ ਹਰਜਿੰਦਰ ਸਿੰਘ ਦੇ ਯੂ-ਟਰਲ ਵਾਲਾ ਹਾਦਸਾ ਫਲੋਰੀਡਾ ਸੂਬੇ ਦੇ ਹਾਈਵੇਅ 'ਤੇ ਹੀ ਵਾਪਰਿਆ ਅਤੇ ਪਿਛਲੇ ਦਿਨੀਂ ਅਮਰੀਕਾ ਦੇ ਇੰਡਿਆਨਾ ਸੂਬੇ ਵਿਚ ਨੌਨ ਡੌਮੀਸਾਈਲ ਡਰਾਈਵਰਾਂ ਦੇ ਲਾਇਸੰਸ ਰੱਦ ਕਰ ਦਿਤੇ ਗਏ। ਨਵੇਂ ਕਾਨੂੰਨ ਤਹਿਤ ਤਕਰੀਬਨ 1,800 ਪ੍ਰਵਾਸੀਆਂ ਦੇ ਕਮਰਸ਼ੀਅਲ ਡਰਾਈਵਰਜ਼ ਲਾਇਸੰਸ ਰੱਦ ਹੋਏ। ਇੰਡਿਆਨਾ ਵਿਚ ਟਰੱਕ ਡਰਾਈਵਰਾਂ ਦੀ ਸ਼ਮੂਲੀਅਤ ਵਾਲੇ ਕਈ ਜਾਨਲੇਵਾ ਹਾਦਸਿਆਂ ਮਗਰੋਂ ਸੂਬੇ ਅਸੈਂਬਲੀ ਵਿਚ ਹਾਊਸ ਐਨਰੋਲਡ ਐਕਟ 1200 ਪਾਸ ਕੀਤਾ ਗਿਆ ਜਿਸ ਤਹਿਤ ਐਚ-2 ਏ, ਐਚ-2ਬੀ ਅਤੇ ਈ-2 ਵੀਜ਼ਾ ਵਾਲੇ ਪ੍ਰਵਾਸੀ ਹੀ ਸੀ.ਡੀ.ਐਲ. ਵਾਸਤੇ ਅਧਿਕਾਰਤ ਹਨ। ਇੰਡਿਆਨਾ ਬਿਊਰੋ ਆਫ਼ ਮੋਟਰ ਵ੍ਹੀਕਲਜ਼ ਨੇ ਬੀਤੀ 16 ਮਾਰਚ ਨੂੰ 1,790 ਨੌਨ-ਡੌਮੀਸਾਈਲ ਡਰਾਈਵਰਾਂ ਨੂੰ ਨੋਟਿਸ ਜਾਰੀ ਕਰਦਿਆਂ ਸੁਚੇਤ ਕਰ ਦਿਤਾ ਕਿ 1 ਅਪ੍ਰੈਲ ਤੋਂ ਉਨ੍ਹਾਂ ਦੇ ਸੀ.ਡੀ.ਐਲ ਰੱਦ ਮੰਨੇ ਜਾਣਗੇ।

# ਪੰਜਾਬ 'ਚ ਫਿਰ ਗਰਮਾਇਆ ਸਿਆਸੀ ਮਾਹੌਲ !

## 'ਆਪ' ਸਾਂਸਦ ਅਸ਼ੋਕ ਮਿੱਤਲ ਦੇ ਘਰ ਈਡੀ ਦੀ RAID

ਚੰਡੀਗੜ੍ਹ : ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਅਤੇ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (LPU) ਦੇ ਸੰਸਥਾਪਕ-ਚਾਂਸਲਰ ਅਸ਼ੋਕ ਮਿੱਤਲ ਦੇ 9 ਟਿਕਾਣਿਆਂ 'ਤੇ ਇਨਫੋਰਸਮੈਂਟ ਡਾਇਰੈਕਟੋਰੇਟ (ED) ਨੇ ਰੇਡ ਕੀਤੀ। ਅੱਜ ਸਵੇਰੇ ਸਾਢੇ 7 ਵਜੇ ਦਿੱਲੀ ਤੋਂ ਈਡੀ ਦੀਆਂ ਟੀਮਾਂ ਜਲੰਧਰ ਵਿੱਚ ਉਨ੍ਹਾਂ ਦੇ ਘਰ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (LPU) ਸਮੇਤ ਹੋਰ ਟਿਕਾਣਿਆਂ 'ਤੇ ਪਹੁੰਚੀਆਂ। ਫਿਲਹਾਲ ਘਰ ਦੇ ਬਾਹਰ ਪੁਲਿਸ ਤਾਇਨਾਤ ਹੈ। ਅਸ਼ੋਕ ਮਿੱਤਲ ਇਸ ਸਮੇਂ ਜਲੰਧਰ ਸਥਿਤ ਆਪਣੇ ਘਰ ਵਿੱਚ ਹਨ ਅਤੇ ਜਾਂਚ ਜਾਰੀ ਹੈ। ਇਨਫੋਰਸਮੈਂਟ ਡਾਇਰੈਕਟੋਰੇਟ ਨੇ ਇੱਕ ਬਿਆਨ ਵਿੱਚ ਦੱਸਿਆ ਕਿ ਕਥਿਤ ਫੰਡ ਬੇਨਿਯਮੀਆਂ ਦੇ ਮਾਮਲੇ ਵਿੱਚ ਜਲੰਧਰ ਵਿੱਚ ਉਨ੍ਹਾਂ ਦੀ ਰਿਹਾਇਸ਼, ਫਾਰਮ ਹਾਊਸ ਅਤੇ ਯੂਨੀਵਰਸਿਟੀ ਕੈਂਪਸ ਵਿੱਚ ਤਲਾਸ਼ੀ ਲਈ ਗਈ। ਕੇਂਦਰੀ ਏਜੰਸੀ ਨੇ ਕਿਹਾ ਕਿ ਫਿਲਹਾਲ ਇਸ ਮਾਮਲੇ ਵਿੱਚ ਅਗਲੇਰੀ ਜਾਂਚ ਜਾਰੀ ਹੈ। ਦੱਸ ਦਈਏ ਕਿ ਅਸ਼ੋਕ ਮਿੱਤਲ ਨੂੰ ਪਿਛਲੇ ਦਿਨੀਂ 'ਆਪ' ਨੇ ਰਾਜ ਸਭਾ ਵਿੱਚ ਰਾਘਵ ਚੱਢਾ ਦੀ ਜਗ੍ਹਾ ਪਾਰਟੀ ਦਾ ਡਿਪਟੀ ਲੀਡਰ ਬਣਾਇਆ ਸੀ। ਈਡੀ ਦੀ ਛਾਪੇਮਾਰੀ 'ਤੇ ਆਪ ਆਗੂਆਂ ਨੇ ਕੇਂਦਰ ਦੀ ਤਿੱਖੀ ਆਲੋਚਨਾ ਕੀਤੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਭਾਜਪਾ ਨੂੰ ਘੇਰਦਿਆ ਸੋਸ਼ਲ ਮੀਡੀਆ 'ਤੇ ਲਿਖਿਆ ਕਿ "ਭਾਜਪਾ ਵੱਲੋਂ ਪੰਜਾਬ ਚੋਣਾਂ ਦੀ ਤਿਆਰੀ ਸ਼ੁਰੂ, ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਅਸ਼ੋਕ ਮਿੱਤਲ ਦੇ ਘਰ ਅਤੇ ਯੂਨੀਵਰਸਿਟੀ ਵਿੱਚ ED ਦੀ ਰੇਡ... typical ਮੋਦੀ ਸਟਾਈਲ।" ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਵੀ 'ਐਕਸ' 'ਤੇ ਲਿਖਿਆ "ਮੋਦੀ ਨੇ ਪੰਜਾਬ ਵਿੱਚ ਚੋਣਾਂ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ। ਪਰ ਪੰਜਾਬ ਦੇ ਲੋਕ ਇਹ ਬਰਦਾਸ਼ਤ ਨਹੀਂ ਕਰਨਗੇ। ਭਾਜਪਾ ਨੂੰ ਇਸ ਦਾ ਕਰਾਰਾ ਜਵਾਬ ਦੇਵਾਂਗੇ।"

# ਅਮਰੀਕਾ 'ਚ ਪੰਜਾਬੀ ਟਰੱਕ ਡਰਾਈਵਰ ਨੇ ਦਰੜੀਆਂ 8 ਗੱਡੀਆਂ !

* ਜਸ਼ਨਪ੍ਰੀਤ ਅਤੇ ਬੇਸ਼ਕੇਵ ਤੋਂ ਬਾਅਦ ਵੱਡਾ ਹਾਦਸਾ

* 1 ਸਾਲ ਦੇ ਜਵਾਕ ਸਣੇ 3 ਜਣਿਆਂ ਦੇ ਨਿਕਲੇ ਸਾਹ



ਡੈਲਵੇਅਰ : ਅਮਰੀਕਾ ਵਿਚ ਇਕ ਹੋਰ ਬੇਕਾਬੂ ਟਰੱਕ ਨੇ ਘੱਟੋ ਘੱਟ 8 ਗੱਡੀਆਂ ਦਰੜ ਦਿਤੀਆਂ ਅਤੇ ਇਕ ਸਾਲ ਦੇ ਬੱਚੇ ਸਣੇ ਤਿੰਨ ਜਣਿਆਂ ਦੀ ਮੌਤ ਹੋ ਗਈ। ਹਾਦਸਾ ਓਹਾਇਓ ਸੂਬੇ ਵਿਚ ਵਾਪਰਿਆ ਅਤੇ ਕਈ ਗੱਡੀਆਂ ਅੱਗੇ ਦੀ ਲਪੇਟ ਵਿਚ ਆ ਗਈਆਂ। ਓਹਾਇਓ ਸਟੇਟ ਹਾਈਵੇਅ ਪੈਟਰੋਲ ਵੱਲੋਂ ਜਾਰੀ ਵੀਡੀਓ ਵਿਚ ਦੇਖਿਆ ਜਾ ਸਕਦਾ ਹੈ ਕਿ ਇੰਟਰਸਟੇਟ 71 'ਤੇ ਇਕ ਚਿੱਟੇ ਰੰਗ ਦਾ ਟਰੱਕ ਸਾਹਮਣੇ ਜਾ ਰਹੀਆਂ ਗੱਡੀਆਂ ਦੇ ਪਰਖੱਚੇ ਉਡਾ ਦਿੰਦਾ ਹੈ ਅਤੇ ਡਰਾਈਵਰ ਦਾ ਕੋਈ ਕੰਟਰੋਲ ਨਜ਼ਰ ਨਹੀਂ ਆਉਂਦਾ। ਟਰੱਕ ਗੇੜਾ ਖਾ ਕੇ ਸੜਕ ਦੇ ਐਨ ਵਿਚਕਾਰ ਆ ਜਾਂਦਾ ਹੈ ਅਤੇ ਅੱਗ ਦੀ ਲਪੇਟ ਵਿਚ ਆਈਆਂ ਗੱਡੀਆਂ ਵਿਚ ਸਵਾਰ ਲੋਕ ਆਪਣੀ ਜਾਨ ਬਚਾ ਕੇ ਦੌੜਦੇ ਦੇਖੇ ਜਾ ਸਕਦੇ ਹਨ। ਡਰਾਈਵਰ ਦੀ ਸ਼ਨਾਖ਼ਤ 50 ਸਾਲ ਦੇ ਮੌਡੂ ਨਗੂਮ ਵਜੋਂ ਕੀਤੀ ਗਈ ਹੈ ਅਤੇ ਫ਼ਿਲਹਾਲ ਉਸ ਦੇ ਇੰਮੀਗ੍ਰੇਸ਼ਨ ਸਟੇਟਸ ਬਾਰੇ ਕੋਈ ਵੇਰਵਾ ਸਾਹਮਣੇ ਨਹੀਂ ਆਇਆ।

ਡੈਲਵੇਅਰ ਕਾਊਂਟੀ ਦੀ ਅਦਾਲਤ ਵਿਚ ਪੇਸ਼ ਟਰੱਕ ਡਰਾਈਵਰ ਵਿਰੁੱਧ ਐਗਰਾਵੇਟਡ ਵਹੀਕੂਲਰ ਹੌਮੀਸਾਈਡ ਦੇ ਤਿੰਨ ਦੋਸ਼ ਆਇਦ ਕੀਤੇ ਗਏ ਅਤੇ ਜ਼ਮਾਨਤ 'ਤੇ ਰਿਹਾਈ ਵਾਸਤੇ 5 ਲੱਖ ਡਾਲਰ ਦਾ ਬੌਂਡ ਤੈਅ ਕੀਤਾ ਗਿਆ ਹੈ। ਸਰਕਾਰੀ ਵਕੀਲਾਂ ਨੇ ਦੱਸਿਆ ਕਿ ਟਰੱਕ ਡਰਾਈਵਰ ਵਿਰੁੱਧ ਖ਼ਤਰਨਾਕ ਹਾਦਸੇ ਦੌਰਾਨ ਲੋਕਾਂ ਨੂੰ ਜ਼ਖ਼ਮੀ ਕਰਨ ਦੇ ਦੋਸ਼ ਵੱਖਰੇ ਤੌਰ 'ਤੇ ਆਇਦ ਕੀਤੇ ਜਾਣਗੇ। ਟਰੱਕ ਡਰਾਈਵਰ ਦੀ ਅਦਾਲਤ ਵਿਚ ਅਗਲੀ ਸੁਣਵਾਈ 21 ਅਪ੍ਰੈਲ ਨੂੰ ਹੋਵੇਗੀ ਅਤੇ ਉਸੇ ਦਿਨ ਇੰਮੀਗ੍ਰੇਸ਼ਨ ਸਟੇਟਸ ਬਾਰੇ ਜਾਣਕਾਰੀ ਸਾਹਮਣੇ ਆ ਸਕਦੀ ਹੈ। ਹਾਦਸੇ ਦੌਰਾਨ ਤਿੰਨ ਜਣੇ ਗੰਭੀਰ ਜ਼ਖ਼ਮੀ ਹੋਏ ਜਿਨ੍ਹਾਂ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ ਅਤੇ ਇਕ ਹੋਰ ਅਹਿਮ ਤੱਥ ਉਭਰ ਕੇ ਸਾਹਮਣੇ ਆਇਆ ਹੈ ਕਿ ਹਾਦਸੇ ਵੇਲੇ ਸੜਕ ਦੀ ਮੁਰੰਮਤ ਦਾ ਕੰਮ ਚੱਲ ਰਿਹਾ ਸੀ।

ਓਹਾਇਓ ਦੇ ਤਾਜ਼ਾ ਹਾਦਸੇ ਤੋਂ ਪਹਿਲਾਂ ਜਸ਼ਨਪ੍ਰੀਤ ਅਤੇ ਕਿਰਗਿਸਤਾਨ ਦੇ ਟਰੱਕ ਡਰਾਈਵਰ ਨਾਲ ਸਬੰਧਤ ਹਾਦਸੇ ਚਰਚਾ ਵਿਚ ਰਹੇ ਜਿਥੇ ਟਰੱਕ ਬੇਕਾਬੂ ਹੋ ਕੇ ਸਾਹਮਣੇ ਜਾ ਰਹੀਆਂ ਗੱਡੀਆਂ 'ਤੇ ਜਾ ਚੜ੍ਹੇ। ਇੰਡਿਆਨਾ ਦੀ ਜੇਅ ਕਾਊਂਟੀ ਵਿਚ ਸਟੇਟ ਰੋਡ 67 'ਤੇ ਵਾਪਰੇ ਦਿਲ ਕੰਬਾਊ ਹਾਦਸੇ ਦੌਰਾਨ 30 ਸਾਲ ਦੇ ਬੇਕਜ਼ਾਨ ਬੇਸ਼ਕੇਵ ਨੇ ਗੱਡੀਆਂ ਦੀਆਂ ਲੰਮੀਆਂ ਕਤਾਰਾਂ ਹੋਣ ਦੇ ਬਾਵਜੂਦ ਆਪਣੇ ਟਰੱਕ ਦੀ ਰਫ਼ਤਾਰ ਨਾ ਘਟਾਈ ਅਤੇ ਇਕ ਵੈਨ ਨੂੰ ਟੱਕਰ ਮਾਰ ਦਿਤੀ।

ਵੈਨ ਵਿਚ 15 ਜਣੇ ਸਵਾਰ ਸਨ ਜਿਨ੍ਹਾਂ ਵਿਚੋਂ ਚਾਰ ਮੌਕੇ 'ਤੇ ਹੀ ਦਮ ਤੋੜ ਗਏ ਜਦਕਿ ਦੋ ਨੂੰ ਗੰਭੀਰ ਹਾਲਤ ਵਿਚ ਹਸਪਤਾਲ ਦਾਖਲ ਕਰਵਾਇਆ ਗਿਆ। ਇੰਮੀਗ੍ਰੇਸ਼ਨ ਐਂਡ ਕਸਟਮਜ਼ ਐਨਫ਼ੋਰਸਮੈਂਟ ਵਾਲਿਆਂ ਦਾ ਕਹਿਣਾ ਹੈ ਕਿ ਕਿਰਗਿਸਤਾਨ ਦੇ ਨਾਗਰਿਕ ਬੇਸ਼ਕੇਵ ਨੇ ਚਾਰ ਮਾਸੂਮ ਅਮੈਰਿਕਨਜ਼ ਦਾ ਕਤਲ ਕਰ ਦਿਤਾ। ਦੂਜੇ ਪਾਸੇ ਬਰਫ਼ੀਲੇ ਮੌਸਮ ਦੌਰਾਨ ਟਰੱਕ ਦੇ ਯੂ-ਟਰਨ ਦੀ ਵੀਡੀਓ ਵਾਇਰਲ ਹੋ ਰਹੀ ਹੈ ਜਿਸ ਦਾ ਡਰਾਈਵਰ ਬਿਲਕੁਲ ਨੌਸਿਖੀਆ ਮਹਿਸੂਸ ਹੁੰਦਾ ਹੈ। ਵੀਡੀਓ ਡੈਲਵੇਅਰ ਰੂਟ 41 ਦੀ ਹੈ ਅਤੇ ਟਰੱਕ ਦੇ ਮੁੜਨ ਦੀ ਜਗ੍ਹਾ ਨਾ ਹੋਣ ਦੇ ਬਾਵਜੂਦ ਡਰਾਈਵਰ ਇਸ ਨੂੰ ਬਰਫ਼ ਵਿਚ ਫਸਾ ਦਿੰਦਾ ਹੈ।

ਵੀਡੀਓ ਬਾਰੇ ਵੱਡੀ ਗਿਣਤੀ ਵਿਚ ਟਿੱਪਣੀਆਂ ਆ ਰਹੀਆਂ ਹਨ ਜਿਨ੍ਹਾਂ ਦਾ ਕਹਿਣਾ ਹੈ ਕਿ ਟਰੱਕ ਡਰਾਈਵਿੰਗ ਦੇ ਖੇਤਰ ਵਿਚ ਲੰਮਾ ਤਜਰਬਾ ਹੋਣ ਦੇ ਬਾਵਜੂਦ ਗਲਤੀਆਂ ਦਾ ਗੁੰਜਾਇਸ਼ ਹਮੇਸ਼ਾ ਬਣੀ ਰਹਿੰਦੀ ਹੈ। ਖ਼ਰਾਬ ਮੌਸਮ ਵਿਚ ਹਾਲਾਤ ਐਨੇ ਗੁੰਝਲਦਾਰ ਬਣ ਗਏ ਕਿ ਪਿੱਛੇ ਕਤਾਰ ਵਿਚ ਲੱਗੇ ਡਰਾਈਵਰਾਂ ਨੂੰ ਆਪਣੇ ਟਰੱਕ ਅਤੇ ਗੱਡੀਆਂ ਲੰਘਾਉਣੀਆਂ ਔਖੀਆਂ ਹੋ ਗਈਆਂ।

# 2 ਭਾਰਤੀਆਂ ਨੇ ਲੁੱਟੇ ਅਮਰੀਕਾ ਦੇ ਹਜ਼ਾਰਾਂ ਲੋਕ

* 15 ਲੱਖ ਡਾਲਰ ਦੀ ਠੱਗੀ ਕੀਤੀ ਕਬੂਲ   * ਸ਼੍ਰੇਅ ਗੋਇਲ ਅਤੇ ਸ਼ੌਨਿਕ ਨੂੰ ਹੋ ਸਕਦੀ ਹੈ 20 ਸਾਲ ਤੱਕ ਕੈਦ



ਲੌਸ ਐਂਜਲਸ : ਅਮਰੀਕਾ ਵਿਚ ਹਜ਼ਾਰਾਂ ਲੋਕਾਂ ਨੂੰ ਲੁੱਟਣ ਵਾਲੇ ਦੋ ਭਾਰਤੀ ਭਰਾਵਾਂ ਨੇ ਆਪਣਾ ਗੁਨਾਹ ਕਬੂਲ ਕਰ ਲਿਆ ਹੈ। ਜੀ ਹਾਂ, ਭੋਲੇ-ਭਾਲੇ ਲੋਕਾਂ ਨਾਲ 15 ਲੱਖ ਡਾਲਰ ਦੀ ਠੱਗੀ ਮਾਰਨ ਵਾਲੇ ਕੈਲੇਫੋਰਨੀਆ ਦੇ ਸ਼੍ਰੇਅ ਗੋਇਲ ਅਤੇ ਕੋਲੋਰਾਡੋ ਨਾਲ ਸਬੰਧਤ ਸ਼ੌਨਿਕ ਰਹੇਜਾ ਵੱਲੋਂ ਏਅਰ ਬੀ.ਐਨ.ਬੀ. ਅਤੇ ਵਰਬੋ ਦੇ ਵਰਤੋਂਕਾਰਾਂ ਨੂੰ ਨਿਸ਼ਾਨਾ ਬਣਾਉਂਦਿਆਂ ਉਨ੍ਹਾਂ ਦੀ ਬੁਕਿੰਗ ਜਾਣ-ਬੁੱਝ ਕੇ ਰੱਦ ਕਰ ਦਿਤੀ ਜਾਂਦੀ ਅਤੇ ਇਹ ਸਿਲਸਿਲਾ ਲੰਮਾਂ ਸਮਾਂ ਜਾਰੀ ਰਿਹਾ। ਕਈ ਮੌਕਿਆਂ 'ਤੇ ਲੋਕਾਂ ਨਾਲ ਨਸਲੀ ਵਿਤਕਰਾ ਵੀ ਹੋਇਆ ਅਤੇ ਅਫ਼ਰੀਕੀ ਮੂਲ ਦੇ ਲੋਕਾਂ ਬੁਕਿੰਗ ਸਭ ਤੋਂ ਵੱਧ ਰੱਦ ਹੋਈਆਂ। ਦੂਜੇ ਪਾਸੇ ਇਕੋ ਬੁਕਿੰਗ ਵਾਲੇ ਦੋ ਗਾਹਕਾਂ ਨੂੰ ਕਿਰਾਏ ਦੀ ਬੋਲੀ ਵਧਾਉਣ ਵਾਸਤੇ ਆਖਿਆ ਜਾਂਦਾ ਅਤੇ ਕਜ਼ਨ ਬ੍ਰਦਰਜ਼ ਨੇ ਨਾਜਾਇਜ਼ ਤਰੀਕੇ ਨਾਲ ਆਪਣੀਆਂ ਜੇਬਾਂ ਭਰੀਆਂ।

ਗਾਹਕਾਂ ਦੀਆਂ ਸ਼ਿਕਾਇਤਾਂ ਵਧਣ ਲੱਗੀਆਂ ਤਾਂ 2015 ਵਿਚ ਦੋਹਾਂ ਨੂੰ ਵੇਕੇਸ਼ਨ ਰੈਂਟਲਜ਼ ਬਾਇ ਓਨਰ ਯਾਨੀ ਵਰਬੋ ਦੀ ਬੁਕਿੰਗ ਤੋਂ ਰੋਕ ਦਿਤਾ ਗਿਆ ਪਰ ਜਾਅਲੀ ਪਛਾਣ ਦੇ ਆਧਾਰ 'ਤੇ ਦੋਹਾਂ ਨੇ ਬੁਕਿੰਗਜ਼ ਜਾਰੀ ਰੱਖੀਆਂ। ਅਦਾਲਤੀ ਦਸਤਾਵੇਜ਼ਾਂ ਮੁਤਾਬਕ ਕਜ਼ਨ ਬ੍ਰਦਰਜ਼ ਨੇ ਲੌਸ ਐਂਜਲਸ, ਸੈਨ ਡਿਐਗੋ, ਸ਼ਿਕਾਗੋ, ਕਲੀਵਲੈਂਡ, ਡੈਲਸ, ਡੈਨਵਰ, ਮਿਲਵੌਕੀ, ਬਲੂਮਿੰਗਟਨ, ਸਵਾਨਾਹ, ਨੈਸ਼ਵਿਲ ਅਤੇ ਔਸਟਿਨ ਵਰਗੇ ਸ਼ਹਿਰਾਂ ਵਿਚ ਮਕਾਨ ਕਿਰਾਏ 'ਤੇ ਲਏ ਹੋਏ ਸਨ ਜਿਨ੍ਹਾਂ ਨੂੰ ਅੱਗੇ ਥੋੜ੍ਹੇ ਸਮੇਂ ਵਾਸਤੇ ਲੋਕਾਂ ਨੂੰ ਕਿਰਾਏ 'ਤੇ ਦਿਤਾ ਜਾਂਦਾ। ਅਕਤੂਬਰ 2017 ਤੋਂ ਨਵੰਬਰ 2019 ਦਰਮਿਆਨ ਸ਼੍ਰੇਅ ਗੋਇਲ ਅਤੇ ਸ਼ੌਨਿਕ ਰਹੇਜਾ ਨੇ ਫ਼ਰਜ਼ੀ ਪਛਾਣ ਦੇ ਆਧਾਰ 'ਤੇ ਮਕਾਨ ਕਿਰਾਏ 'ਤੇ ਲਏ ਜਿਨ੍ਹਾਂ ਨੂੰ ਏਅਰ ਬੀ.ਐਨ.ਬੀ. ਅਤੇ ਵਰਬੋ ਰਾਹੀਂ ਦੂਹਰੀ ਵਾਰ ਬੁੱਕ ਕਰ ਦਿਤਾ ਗਿਆ। ਕਈ ਮੌਕਿਆਂ 'ਤੇ ਗੋਇਲ ਅਤੇ ਰਹੇਜਾ ਨੇ ਜਾਅਲੀ ਪਤੇ ਵੀ ਸੂਚੀਬੱਧ ਕੀਤੇ ਹੋਏ ਸਨ ਜਿਥੇ ਕਿਰਾਏ ਵਾਸਤੇ ਕੋਈ ਜਗ੍ਹਾ ਖ਼ਾਲੀ ਹੀ ਨਾ ਹੁੰਦੀ। ਜਾਅਲੀ ਪਤੇ ਰਾਹੀਂ ਦੋਹਾਂ ਨੂੰ ਵੱਖ ਵੱਖ ਸ਼ਹਿਰਾਂ ਵਿਚ ਸ਼ੌਰਟ ਟਰਮ ਰੈਂਟਲਜ਼ ਵਾਸਤੇ ਤੈਅ ਨਿਯਮਾਂ ਤੋਂ ਬਚਣ ਦਾ ਮੌਕਾ ਵੀ ਮਿਲ ਜਾਂਦਾ। ਇਕ ਮਕਾਨ ਦੀ ਕਈ ਵਾਰ ਬੁਕਿੰਗ ਹੋਣ ਮਗਰੋਂ ਦੋਵੇਂ ਭਰਾ ਲੋਕਾਂ ਨੂੰ ਵੱਖ ਵੱਖ ਬਹਾਨੇ ਲਾ ਕੇ ਆਪਣਾ ਪ੍ਰਬੰਧ ਕਿਤੇ ਹੋਰ ਕਰਨ ਵਾਸਤੇ ਮਜਬੂਰ ਕਰ ਦਿੰਦੇ। ਮਕਾਨ ਵਿਚ ਪਾਣੀ ਦੀ ਲੀਕੇਜ ਜਾਂ ਟੁਆਇਟ ਵਿਚ ਪਾਣੀ ਨਾ ਹੋਣ ਵਰਗੇ ਬਹਾਨੇ ਘੜੇ ਜਾਂਦੇ।

ਸਿਰਫ਼ ਇਥੇ ਹੀ ਬੱਸ ਨਹੀਂ ਸ਼੍ਰੇਅ ਗੋਇਲ ਅਤੇ ਸ਼ੌਨਿਕ ਰਹੇਜਾ ਭਵਿੱਖ ਦੇ ਮਹਿਮਾਨਾਂ ਤੋਂ ਨੈਗੇਟਿਵ ਰਿਵਿਊ ਲੁਕਾਉਣ ਵਾਸਤੇ ਤਰ੍ਹਾਂ-ਤਰ੍ਹਾਂ ਦੀਆਂ ਤਿਕੜਮਾਂ ਲੜਾਉਂਦੇ ਅਤੇ ਰੱਦ ਬੁਕਿੰਗ ਵਾਲੇ ਮਹਿਮਾਨਾਂ ਬਾਰੇ ਹੀ ਗ਼ਲਤ ਰਿਵਿਊ ਲਿਖ ਦਿਤੇ ਜਾਂਦੇ। ਗੋਇਲ ਅਤੇ ਰਹੇਜਾ ਨੇ ਜਿਵੇਂ ਝੂਠ ਦੀ ਪੰਡ ਬੰਨ੍ਹੀ ਹੋਈ ਸੀ ਜਿਸ ਵਿਚੋਂ ਹਰ ਮਹਿਮਾਨ ਵਾਸਤੇ ਵੱਖੋ ਵੱਖਰਾ ਝੂਠ ਕੱਢ ਕੇ ਰੱਖ ਦਿਤਾ ਜਾਂਦਾ। ਐਨ ਆਖਰੀ ਮੌਕੇ 'ਤੇ ਬੁਕਿੰਗ ਰੱਦ ਹੋਣ ਕਰ ਕੇ ਮਹਿਮਾਨਾਂ ਅਤੇ ਰੈਂਟਲ ਪਲੈਟਫ਼ਾਰਮਜ਼ ਦਾ ਵੱਡਾ ਨੁਕਸਾਨ ਹੁੰਦਾ ਅਤੇ ਮਨ ਮਸੋਸ ਕੇ ਰਹਿ ਜਾਂਦੇ। ਸ਼ੌਨਿਕ ਰਹੇਜਾ ਨੇ ਆਪਣੇ ਕਬੂਲਨਾਮੇ ਵਿਚ ਅਪ੍ਰੈਲ 2023 ਦੇ ਇਕ ਝੂਠ ਦਾ ਜ਼ਿਕਰ ਵੀ ਕੀਤਾ ਹੈ ਜੋ ਮਾਮਲੇ ਦੀ ਪੜਤਾਲ ਕਰ ਰਹੇ ਲਾਅ ਐਨਫ਼ੋਰਸਮੈਂਟ ਅਫ਼ਸਰਾਂ ਨੂੰ ਅੱਗੇ ਬੋਲਿਆ ਗਿਆ। ਲੌਸ ਐਂਜਲਸ ਦੇ ਜ਼ਿਲ੍ਹਾ ਜੱਜ ਵੱਲੋਂ ਸ਼੍ਰੇਅ ਗੋਇਲ ਨੂੰ ਸਜ਼ਾ ਦਾ ਐਲਾਨ 14 ਅਗਸਤ ਨੂੰ ਕੀਤਾ ਜਾਵੇਗਾ ਅਤੇ ਵੱਧ ਤੋਂ ਵੱਧ 20 ਸਾਲ ਵਾਸਤੇ ਜੇਲ ਭੇਜਿਆ ਜਾ ਸਕਦਾ ਹੈ। ਦੂਜੇ ਪਾਸੇ ਸ਼ੌਨਿਕ ਰਹੇਜਾ ਨੂੰ ਸਜ਼ਾ ਦਾ ਐਲਾਨ 11 ਸਤੰਬਰ ਨੂੰ ਕੀਤਾ ਜਾਵੇਗਾ ਅਤੇ ਉਸ ਨੂੰ ਵੱਧ ਤੋਂ ਵੱਧ 10 ਸਾਲ ਕੈਦ ਦੀ ਸਜ਼ਾ ਸੁਣਾਈ ਜਾ ਸਕਦੀ ਹੈ।

# ਕੈਨੇਡਾ 'ਚ ਗ੍ਰੌਸਰੀ ਦੀਆਂ ਕੀਮਤਾਂ 'ਚ ਹੋਇਆ ਵਾਧਾ !

## ਫ਼ੂਡ ਸਪਲਾਇਰਜ਼ ਲਾਗੂ ਕਰ ਰਹੇ ਫ਼ਿਊਲ ਸਰਚਾਰਜ

ਟੋਰਾਂਟੋ : ਕੈਨੇਡੀਅਨ ਫ਼ੂਡ ਸਪਲਾਇਰਜ਼ ਵੱਲੋਂ ਫ਼ਿਊਲ ਸਰਚਾਰਜ ਲਾਗੂ ਕੀਤੇ ਜਾਣ ਮਗਰੋਂ ਗ੍ਰੌਸਰੀ ਕੀਮਤਾਂ ਵਿਚ ਵਾਧਾ ਹੋਣਾ ਸ਼ੁਰੂ ਹੋ ਗਿਆ ਅਤੇ ਆਉਣ ਵਾਲੇ ਸਮੇਂ ਦੌਰਾਨ ਮੋਟਾ ਵਾਧਾ ਤੈਅ ਮੰਨਿਆ ਜਾ ਰਿਹਾ ਹੈ। ਜੀ ਹਾਂ, ਸੀ.ਬੀ.ਸੀ. ਨਿਊਜ਼ ਦੀ ਰਿਪੋਰਟ ਮੁਤਾਬਕ ਸਨਰਾਈਜ਼ ਫ਼ਾਰਮਜ਼, ਸੀ.ਟੀ.ਐਸ. ਫ਼ੂਡਜ਼, ਮੇਪਲ ਲੀਫ਼ ਅਤੇ ਟ੍ਰੀ ਆਫ਼ ਲਾਈਫ਼ ਵੱਲੋਂ ਫ਼ਿਊਲ ਸਰਚਾਰਜ ਵਸੂਲ ਕੀਤਾ ਜਾ ਰਿਹਾ ਹੈ ਅਤੇ ਛੋਟੇ ਸਟੋਰ ਮਾਲਕਾਂ ਦਾ ਕਹਿਣਾ ਹੈ ਕਿ ਉਹ ਜ਼ਿਆਦਾ ਬੋਝ ਬਰਦਾਸ਼ਤ ਨਹੀਂ ਕਰ ਸਕਦੇ ਜਿਸ ਦੇ ਮੱਦੇਨਜ਼ਰ ਗਾਹਕ ਵਾਧੂ ਅਦਾਇਗੀ ਕਰਨ ਵਾਸਤੇ ਤਿਆਰ ਰਹਿਣ। ਸਨਰਾਈਜ਼ ਫਾਰਮਜ਼ ਦਾ ਕਹਿਣਾ ਹੈ ਕਿ ਪ੍ਰਤੀ ਕਿਲੋ ਪੰਜ ਸੈਂਟ ਫ਼ਿਊਲ ਸਰਚਾਰਜ ਸ਼ਾਮਲ ਕੀਤਾ ਜਾ ਰਿਹਾ ਹੈ ਜੋ ਤੇਲ ਕੀਮਤਾਂ ਹੇਠਾਂ ਆਉਣ ਮਗਰੋਂ ਘਟਾਇਆ ਜਾਂ ਖ਼ਤਮ ਕੀਤਾ ਜਾ ਸਕਦਾ ਹੈ।

ਮੇਪਲ ਲੀਫ਼ ਵੱਲੋਂ 11 ਸੈਂਟ ਪ੍ਰਤੀ ਕਿਲੋ ਫਿਊਲ ਸਰਚਾਰਜ 6 ਅਪ੍ਰੈਲ ਤੋਂ ਵਸੂਲ ਕੀਤਾ ਜਾ ਰਿਹਾ ਹੈ। ਸੀ.ਟੀ.ਐਸ. ਫ਼ੂਡਜ਼ ਦਾ ਕਹਿਣਾ ਹੈ ਕਿ ਆਰਜ਼ੀ 10 ਡਾਲਰ ਫਿਊਲ ਸਰਚਾਰਜ ਲਾਗੂ ਕੀਤਾ ਗਿਆ ਹੈ ਪਰ ਡੀਜ਼ਲ ਦਾ ਭਾਅ ਘਟਣ ਮਗਰੋਂ ਇਸ ਨੂੰ ਹਟਾ ਦਿਤਾ ਜਾਵੇਗਾ। ਦੂਜੇ ਪਾਸੇ ਸੋਬੀਜ਼ ਵਰਗੇ ਵੱਡੇ ਗ੍ਰੌਸਰਜ਼ ਨੇ ਫ਼ਿਊਲ ਸਰਚਾਰਜ ਦੇਣ ਤੋਂ ਨਾਂਹ ਕਰ ਦਿਤੀ ਹੈ ਜਦਕਿ ਕੁਝ ਸਪਲਾਇਰਜ਼ ਨੇ ਫ਼ਿਲਹਾਲ ਫ਼ਿਊਲ ਸਰਚਾਰਜ ਵਸੂਲ ਕਰਨ ਤੋਂ ਪਾਸਾ ਵੱਟ ਲਿਆ ਹੈ। ਵਿੰਨੀਪੈਗ ਦੇ ਫ਼ੂਡ ਵੇਅਰ ਵਿਖੇ ਮੈਨੇਜਰ ਮੁੰਥਰ ਜ਼ੈਦ ਨੇ ਦੱਸਿਆ ਕਿ ਸਰਚਾਰਜ ਮਗਰੋਂ ਕੁਝ ਚੀਜ਼ਾਂ ਲਿਆਉਣ ਦਾ ਖਰਚਾ 100 ਡਾਲਰ ਤੱਕ ਵਧ ਗਿਆ ਹੈ ਅਤੇ ਸਟੋਰ ਇਸ ਨੂੰ ਇਕੱਲਿਆਂ ਬਰਦਾਸ਼ਤ ਨਹੀਂ ਕਰ ਸਕਦਾ। ਉਨ੍ਹਾਂ ਦੱਸਿਆ ਕਿ ਜਲਦ ਖਰਾਬ ਹੋਣ ਵਾਲੀਆਂ ਖੁਰਾਕੀ ਵਸਤਾਂ ਦੇ ਮਾਮਲੇ ਵਿਚ ਜ਼ਿਆਦਾ ਢਿੱਲ ਨਹੀਂ ਵਰਤੀ ਜਾ ਸਕਦੀ ਜਿਨ੍ਹਾਂ ਦੀ ਕੀਮਤ 50 ਸੈਂਟ ਵਧਾਈ ਜਾ ਰਹੀ ਹੈ। ਦੱਖਣੀ ਉਨਟਾਰੀਓ ਦੀ ਵਿੰਸਿਜ਼ ਮਾਰਕਿਟ ਵਿਚ ਫਿਲਹਾਲ ਕੀਮਤਾਂ ਵਿਚ ਵਾਧਾ ਨਹੀਂ ਹੋਇਆ ਪਰ ਜਲਦ ਵਾਧਾ ਕਰਨਾ ਪੈ ਸਕਦਾ ਹੈ।









# ਰਾਜ ਸਭਾ ਸਾਂਸਦ ਰਾਘਵ ਚੱਢਾ ਨੂੰ ਵੱਡਾ ਝਟਕਾ ਪੰਜਾਬ ਸਰਕਾਰ ਨੇ ਸੁਰੱਖਿਆ ਲਈ ਵਾਪਿਸ !



ਸਾਂਸਦ ਰਾਘਵ ਚੱਢਾ ਦੇ ਆਪਣੀ ਹੀ ਪਾਰਟੀ ਨਾਲ ਚੱਲ ਰਹੇ ਵਿਵਾਦ ਵਿਚਾਲੇ ਸੂਤਰਾਂ ਦੇ ਹਵਾਲੇ ਨਾਲ ਵੱਡੀ ਖਬਰ ਸਾਹਮਣੇ ਆਈ ਹੈ। ਆਮ ਆਦਮੀ ਪਾਰਟੀ (ਆਪ) ਦੇ ਨੇਤਾ ਤੇ ਰਾਜ ਸਭਾ ਮੈਂਬਰ ਰਾਘਵ ਚੱਢਾ ਦੀ ਜ਼+ ਸੁਰੱਖਿਆ ਹਟਾ ਲਈ ਗਈ। ਪੰਜਾਬ ਦੇ ਸਹਿ-ਇੰਚਾਰਜ, ਸੰਸਦ ਮੈਂਬਰ ਅਤੇ ਰਾਜ ਸਭਾ ਦੇ ਡਿਪਟੀ ਲੀਡਰ ਹੋਣ ਦੇ ਨਾਤੇ ਚੱਢਾ ਨੂੰ ਪੰਜਾਬ ਪੁਲਿਸ ਸੁਰੱਖਿਆ ਪ੍ਰਦਾਨ ਕੀਤੀ ਗਈ ਸੀ। ਰਾਘਵ ਚੱਢਾ ਨੇ ਵੀ ਇਸ ਬਾਰੇ ਕਿਹਾ ਕਿ ਪੰਜਾਬ ਸਰਕਾਰ ਨੇ ਉਨ੍ਹਾਂ ਤੋਂ ਸੁਰੱਖਿਆ ਵਾਪਸ ਲੈ ਲਈ ਹੈ ਇਸ ਦੇ ਨਾਲ ਹੀ ਉਨ੍ਹਾਂ ਨੇ ਇਹ ਵੀ ਕਿਹਾ ਕਿ ਉਨ੍ਹਾਂ ਨੂੰ ਕੇਂਦਰ ਤੋਂ ਕੋਈ ਸੁਰੱਖਿਆ ਨਹੀਂ ਮਿਲੀ ਹੈ। ਇਸ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੇ ਨੇਤਾ ਸੌਰਭ ਭਾਰਦਵਾਜ ਨੇ ਸੋਸ਼ਲ ਮੀਡੀਆ 'ਤੇ ਦਾਅਵਾ ਕੀਤਾ ਕਿ ਕੇਂਦਰ ਸਰਕਾਰ ਨੇ ਉਨ੍ਹਾਂ ਨੂੰ ਜ਼ੈੱਡ-ਪਲੱਸ ਸੁਰੱਖਿਆ ਪ੍ਰਦਾਨ ਕੀਤੀ ਹੈ। ਕੇਂਦਰ ਸਰਕਾਰ ਚੱਢਾ ਪ੍ਰਤੀ ਇੰਨੀ ਦਿਆਲੂ ਕਿਉਂ ਹੈ? ਹਾਲਾਂਕਿ ਅਜੇ ਤੱਕ ਉਨ੍ਹਾਂ ਨੂੰ ਕੋਈ ਸੁਰੱਖਿਆ ਨਹੀਂ ਮਿਲੀ ਹੈ।

ਦੱਸ ਦੇਈਏ ਕਿ 2 ਅਪ੍ਰੈਲ ਨੂੰ ਆਮ ਆਦਮੀ ਪਾਰਟੀ ਨੇ ਰਾਘਵ ਚੱਢਾ ਨੂੰ ਰਾਜ ਸਭਾ ਵਿੱਚ ਪਾਰਟੀ ਦੇ ਡਿਪਟੀ ਲੀਡਰ ਦੇ ਅਹੁਦੇ ਤੋਂ ਹਟਾ ਦਿੱਤਾ। ਪੰਜਾਬ ਦੇ ਸੰਸਦ ਮੈਂਬਰ ਅਸ਼ੋਕ ਮਿੱਤਲ ਨੂੰ ਉਨ੍ਹਾਂ ਦੇ ਅਹੁਦੇ 'ਤੇ ਨਿਯੁਕਤ ਕੀਤਾ ਗਿਆ। 'ਆਪ' ਨੇ ਰਾਜ ਸਭਾ ਸਕੱਤਰੇਤ ਨੂੰ ਸੂਚਿਤ ਕੀਤਾ ਕਿ ਰਾਘਵ ਚੱਢਾ ਨੂੰ ਹੁਣ ਸਦਨ ਵਿੱਚ ਬੋਲਣ ਲਈ ਪਾਰਟੀ ਕੋਟੇ ਤੋਂ ਸਮਾਂ ਨਹੀਂ ਦਿੱਤਾ ਜਾਣਾ ਚਾਹੀਦਾ। ਦੂਜੇ ਪਾਸੇ ਰਾਘਵ ਚੱਢਾ ਦੀ ਥਾਂ 'ਤੇ ਨਿਯੁਕਤ ਕੀਤੇ ਗਏ ਸੰਸਦ ਮੈਂਬਰ ਅਸ਼ੋਕ ਮਿੱਤਲ ਦੇ ਜਲੰਧਰ ਸਥਿਤ ਘਰ ਅਤੇ ਉਨ੍ਹਾਂ ਦੀ ਨਿੱਜੀ ਯੂਨੀਵਰਸਿਟੀ 'ਤੇ ਅੱਜ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਛਾਪਾ ਮਾਰਿਆ ਹੈ।

# "ਪਾਣੀ ਬਚਾਓ, ਕੁਦਰਤੀ ਖੇਤੀ ਕਰੋ...", PM ਨਰਿੰਦਰ ਮੋਦੀ ਨੇ ਲੋਕਾਂ ਨੂੰ 9 ਪ੍ਰਣ ਲੈਣ ਦੀ ਕੀਤੀ ਅਪੀਲ



ਪ੍ਰਧਾਨ ਮੰਤਰੀ ਮੋਦੀ ਨੇ ਬੁੱਧਵਾਰ ਨੂੰ ਕਰਨਾਟਕ ਦੀ ਜਨਤਾ ਨੂੰ ਸੰਬੋਧਨ ਕਰਨਦਿਆਂ ਲੋਕਾਂ ਨੂੰ ਨੌਂ ਪ੍ਰਣ ਲੈਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ "ਮੇਰੀ ਅਪੀਲ ਪਾਣੀ ਦੀ ਸੰਭਾਲ ਅਤੇ ਬਿਹਤਰ ਪਾਣੀ ਪ੍ਰਬੰਧਨ ਲਈ ਹੈ," ਫਿਰ ਉਨ੍ਹਾਂ ਨੇ "ਏਕ ਪੇੜ ਮਾਂ ਕੇ ਨਾਮ" ਮੁਹਿੰਮ ਦੇ ਤਹਿਤ ਰੁੱਖ ਲਗਾਉਣ ਅਤੇ ਜਨਤਕ ਅਤੇ ਧਾਰਮਿਕ ਸਥਾਨਾਂ ਦੀ ਸਫਾਈ 'ਤੇ ਜ਼ੋਰ ਦਿੱਤਾ।

ਉਨ੍ਹਾਂ ਨੇ ਤੀਜੀ ਬੇਨਤੀ ਕਰਦਿਆਂ ਕਿਹਾ ਕਿ ਭਾਵੇਂ ਧਾਰਮਿਕ ਸਥਾਨ ਹੋਵੇ, ਜਨਤਕ ਸਥਾਨ ਹੋਵੇ, ਪਿੰਡ ਹੋਵੇ ਜਾਂ ਸ਼ਹਿਰ... ਹਰ ਜਗ੍ਹਾ ਸਫਾਈ ਬਣਾਈ ਰੱਖਣਾ ਸਾਡੀ ਸਮੂਹਿਕ ਜ਼ਿੰਮੇਵਾਰੀ ਹੈ। ਚੌਥੀ ਬੇਨਤੀ: 'ਵੋਕਲ ਫਾਰ ਲੋਕਲ' ਦੇ ਮੰਤਰ ਅਨੁਸਾਰ ਜੀਓ। ਪੰਜਵੀਂ ਬੇਨਤੀ: ਆਪਣੇ ਦੇਸ਼ ਨੂੰ ਜਾਣੋ, ਦੇਸ਼ ਦੇ ਵੱਖ-ਵੱਖ ਕੋਨਿਆਂ ਦੀ ਯਾਤਰਾ ਕਰੋ, ਘਰੇਲੂ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰੋ। ਛੇਵੀਂ ਬੇਨਤੀ: ਕੁਦਰਤੀ ਖੇਤੀ ਵੱਲ ਵਧੋ। ਸੱਤਵੀਂ ਬੇਨਤੀ: ਬਾਜਰੇ ਨੂੰ ਆਪਣੀ ਖੁਰਾਕ ਵਿੱਚ ਸ਼ਾਮਲ ਕਰੋ। ਦੇਸ਼ ਵਿੱਚ ਮੋਟਾਪਾ ਇੱਕ ਵੱਡੀ ਚੁਣੌਤੀ ਬਣਦਾ ਜਾ ਰਿਹਾ ਹੈ। ਇਸ ਦਾ ਮੁਕਾਬਲਾ ਕਰਨ ਲਈ, ਆਪਣੇ ਭੋਜਨ ਵਿੱਚ ਤੇਲ ਦੀ ਮਾਤਰਾ ਨੂੰ 10 ਪ੍ਰਤੀਸ਼ਤ ਘਟਾਉਣ ਦੀ ਕੋਸ਼ਿਸ਼ ਕਰੋ। ਅੱਠਵੀਂ ਬੇਨਤੀ: ਸਾਨੂੰ ਸਾਰਿਆਂ ਨੂੰ ਯੋਗਾ ਅਤੇ ਖੇਡਾਂ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਉਣਾ ਚਾਹੀਦਾ ਹੈ। ਨੌਵੀਂ ਬੇਨਤੀ: ਲੋੜਵੰਦਾਂ ਦੀ ਸੇਵਾ ਕਰਨ ਨਾਲ ਸਮਾਜ ਮਜ਼ਬੂਤ ਹੁੰਦਾ ਹੈ। ਇਹ ਤੁਹਾਡੇ ਜੀਵਨ ਵਿੱਚ ਇੱਕ ਵੱਡਾ ਉਦੇਸ਼ ਜੋੜਦਾ ਹੈ।

ਪ੍ਰਧਾਨ ਮੰਤਰੀ ਨੇ ਮੰਦਰ ਦੇ ਉਦਘਾਟਨ ਤੋਂ ਪਹਿਲਾਂ, ਪ੍ਰਧਾਨ ਮੰਤਰੀ ਨੇ ਜਵਾਲਾ ਪੀਠਾ ਦਾ ਦੌਰਾ ਕੀਤਾ। ਪ੍ਰਧਾਨ ਮੰਤਰੀ ਨੇ ਮੰਦਰ ਕੰਪਲੈਕਸ ਦਾ ਦੌਰਾ ਕੀਤਾ ਅਤੇ ਜਾਣਕਾਰੀ ਇਕੱਠੀ ਕੀਤੀ। ਪ੍ਰਧਾਨ ਮੰਤਰੀ ਮੋਦੀ ਨੇ ਮੰਦਰ ਵਿੱਚ ਇੱਕ ਘੰਟਾ ਬਿਤਾਇਆ, ਪੁਜਾਰੀਆਂ ਅਤੇ ਸੰਤਾਂ ਨਾਲ ਗੱਲਬਾਤ ਕੀਤੀ। ਪ੍ਰਧਾਨ ਮੰਤਰੀ ਨੇ ਸ਼੍ਰੀ ਗੁਰੂ ਭੈਰਵਇਕਯ ਮੰਦਰ ਦਾ ਉਦਘਾਟਨ ਕੀਤਾ। ਸ਼੍ਰੀ ਗੁਰੂ ਭੈਰਵੈਕਯ ਮੰਦਰ ਸਤਿਕਾਰਯੋਗ ਸੰਤ ਡਾ. ਬਾਲ ਗੰਗਾਧਰਨਾਥ ਮਹਾਸਵਾਮੀਜੀ ਦੀ ਯਾਦ ਵਿੱਚ ਬਣਾਇਆ ਗਿਆ ਸੀ, ਜੋ ਆਦਿਚੁੰਚਨਗਿਰੀ ਮਹਾਸਥਾਨ ਮੱਠ ਦੇ 71ਵੇਂ ਮੁਖੀ ਸਨ। ਇਹ ਮੰਦਰ ਰਵਾਇਤੀ ਦ੍ਰਾਵਿੜ ਸ਼ੈਲੀ ਵਿੱਚ ਬਣਾਇਆ ਗਿਆ ਹੈ ਅਤੇ ਉਨ੍ਹਾਂ ਦੇ ਜੀਵਨ ਅਤੇ ਵਿਰਾਸਤ ਦੀ ਯਾਦਗਾਰ ਵਜੋਂ ਬਣਾਇਆ ਗਿਆ ਹੈ।

# ਤੁਰਕੀ ਦੇ ਸਕੂਲ 'ਚ ਵਿਦਿਆਰਥੀ ਨੇ ਫਿਰ ਕੀਤੀ ਅੰਨ੍ਹੇਵਾਹ ਗੋਲੀਬਾਰੀ, 4 ਦੀ ਮੌਤ, 20 ਲੋਕ ਜ਼ਖਮੀ




ਦੱਖਣੀ-ਪੂਰਬੀ ਤੁਰਕੀ ਦੇ ਇੱਕ ਸਕੂਲ ਵਿੱਚ ਇੱਕ ਵਿਦਿਆਰਥੀ ਨੇ ਦੋ ਕਲਾਸਰੂਮਾਂ ਵਿੱਚ ਅੰਨ੍ਹੇਵਾਹ ਗੋਲੀਬਾਰੀ ਕੀਤੀ। ਗੋਲੀਬਾਰੀ 'ਚ ਚਾਰ ਲੋਕਾਂ ਦੀ ਮੌਤ ਹੋ ਗਈ ਹੈ ਅਤੇ ਘੱਟੋ-ਘੱਟ 20 ਹੋਰ ਜ਼ਖ਼ਮੀ ਹੋਏ ਹਨ। ਅਧਿਕਾਰੀਆਂ ਨੇ ਗੋਲੀਬਾਰੀ ਦੀ ਇਸ ਘਟਨਾ ਦੀ ਜਾਣਕਾਰੀ ਦਿੱਤੀ ਹੈ। ਕਾਹਰਾਮਨਮਰਾਸ ਸੂਬੇ ਦੇ ਗਵਰਨਰ ਮੁਕਰਰਮ ਅਨਲੁਆਰ ਨੇ ਕਿਹਾ ਕਿ ਗੋਲੀ ਚਲਾਉਣ ਵਾਲਾ ਵਿਦਿਆਰਥੀ ਵੀ ਮਾਰਿਆ ਗਿਆ ਹੈ।

ਉਹ ਆਪਣੇ ਪਿਤਾ ਦੀਆਂ ਬੰਦੂਕਾਂ ਲੈ ਕੇ ਸਕੂਲ ਆਇਆ ਸੀ। ਗੋਲੀ ਚਲਾਉਣ ਵਾਲੇ ਵਿਦਿਆਰਥੀ ਦਾ ਪਿਤਾ ਸੇਵਾਮੁਕਤ ਪੁਲਿਸ ਅਧਿਕਾਰੀ ਸੀ। ਉਸ ਕੋਲ 5 ਹਥਿਆਰ ਅਤੇ 7 ਮੈਗਜ਼ੀਨ ਸਨ।

ਗਵਰਨਰ ਮੁਕਰਰਮ ਉਨਲੁਆਰ ਨੇ ਦੱਸਿਆ ਕਿ ਮਰਨ ਵਾਲਿਆਂ ਵਿੱਚ ਇੱਕ ਅਧਿਆਪਕ ਅਤੇ ਤਿੰਨ ਵਿਦਿਆਰਥੀ ਸ਼ਾਮਿਲ ਹਨ। ਹਮਲੇ ਦੇ ਕਾਰਨਾਂ ਦਾ ਤੁਰੰਤ ਪਤਾ ਨਹੀਂ ਲੱਗ ਸਕਿਆ ਹੈ। ਰਿਪੋਰਟਾਂ ਵਿੱਚ ਕਿਹਾ ਗਿਆ ਹੈ ਕਿ ਕਾਹਰਾਮਨਮਾਰਸ ਦੇ ਓਨੀਕੀਸੁਬਤ ਜ਼ਿਲ੍ਹੇ ਵਿੱਚ ਸਕੂਲ ਵਿੱਚ ਗੋਲੀਬਾਰੀ ਤੋਂ ਬਾਅਦ ਅਧਿਕਾਰੀਆਂ ਨੇ ਪੁਲਿਸ ਅਤੇ ਐਂਬੂਲੈਂਸ ਨੂੰ ਰਵਾਨਾ ਕੀਤਾ ਹੈ।

ਇਸ ਘਟਨਾ ਤੋਂ ਇੱਕ ਦਿਨ ਪਹਿਲਾਂ ਮੰਗਲਵਾਰ ਨੂੰ ਨੇੜਲੇ ਸਨਲੀਉਰਫਾ ਸੂਬੇ ਦੇ ਇੱਕ ਹਾਈ ਸਕੂਲ ਵਿੱਚ ਇੱਕ ਸਾਬਕਾ ਵਿਦਿਆਰਥੀ ਵੱਲੋਂ ਕੀਤੀ ਗੋਲੀਬਾਰੀ ਵਿੱਚ 16 ਲੋਕ ਜ਼ਖ਼ਮੀ ਹੋ ਗਏ ਸਨ। ਜ਼ਖਮੀਆਂ 'ਚ ਜ਼ਿਆਦਾਤਰ ਵਿਦਿਆਰਥੀ ਸਨ। ਇੱਥੋਂ ਦੇ ਸਕੂਲ ਵਿੱਚ ਗੋਲੀਬਾਰੀ ਕਰਨ ਤੋਂ ਬਾਅਦ ਸਾਬਕਾ ਵਿਦਿਆਰਥੀ ਨੇ ਖ਼ੁਦ ਨੂੰ ਵੀ ਗੋਲੀ ਮਾਰ ਲਈ ਸੀ।

# ASI ਸਰਬਜੀਤ ਕੌਰ ਨੇ ਪੰਜ ਸਾਲਾ ਪੋਤੀ ਦੇ ਹੱਥ-ਪੈਰ ਬੰਨ੍ਹ ਕੇ ਧੁੱਪ 'ਚ ਗੇਟ 'ਤੇ ਬੰਨ੍ਹਿਆ, ਵੀਡੀਓ ਹੋਈ ਵਾਇਰਲ; ਮੁਅੱਤਲ



ਫਰੀਦਕੋਟ ਤੋਂ ਇਕ ਬਹੁਤ ਹੀ ਸ਼ਰਮਨਾਕ ਘਟਨਾ ਸਾਹਮਣੇ ਆਈ ਹੈ। ਜਿਸ ਨੇ ਇਨਸਾਨੀਅਤ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਡੋਗਰ ਬਸਤੀ ਵਿੱਚ ਇੱਕ ਮਹਿਲਾ ASI ਨੇ ਆਪਣੀ 5 ਸਾਲ ਦੀ ਪੋਤੀ ਨਾਲ ਬੇਰਹਿਮੀ ਨਾਲ ਪੇਸ਼ ਆਈ ਹੈ। ਲੜਕੀ ਦੇ ਮਾਤਾ-ਪਿਤਾ ਪੁਰਤਗਾਲ ਵਿਚ ਰਹਿੰਦੇ ਹਨ ਅਤੇ ਉਸ ਦੀ ਦਾਦੀ ਉਸ ਦੀ ਦੇਖਭਾਲ ਕਰ ਰਹੀ ਹੈ। ਥਾਣਾ ਸਦਰ 'ਚ ਤਾਇਨਾਤ ਏ.ਐੱਸ.ਆਈ.ਸਰਬਜੀਤ ਕੌਰ ਨੇ ਲੜਕੀ ਦੇ ਹੱਥ-ਪੈਰ ਬੰਨ੍ਹ ਕੇ ਕਈ ਘੰਟੇ ਧੁੱਪ 'ਚ ਘਰ ਦੇ ਗੇਟ ਦੇ ਬਾਹਰ ਰੱਖਿਆ। ਇਸ ਦੌਰਾਨ ਲੜਕੀ ਤੜਫਦੀ ਰਹੀ ਪਰ ਔਰਤ ਨੇ ਉਸ 'ਤੇ ਕੋਈ ਰਹਿਮ ਨਹੀਂ ਕੀਤਾ। ਘਟਨਾ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੁੰਦੇ ਹੀ ਪੁਲਿਸ ਹਰਕਤ 'ਚ ਆਈ। ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਐੱਸਐੱਸਪੀ ਫਰੀਦਕੋਟ ਡਾ: ਪ੍ਰਗਿਆ ਜੈਨ ਨੇ ਤੁਰੰਤ ਕਾਰਵਾਈ ਕਰਦੇ ਹੋਏ ਦੋਸ਼ੀ ਲੇਡੀ ਏਐੱਸਆਈ ਨੂੰ ਮੁਅੱਤਲ ਕਰ ਦਿੱਤਾ ਹੈ।

ਸਥਾਨਿਕ ਲੋਕਾਂ ਅਨੁਸਾਰ ਜਦੋਂ ਉਨ੍ਹਾਂ ਨੂੰ ਇਸ ਘਟਨਾ ਦੀ ਜਾਣਕਾਰੀ ਮਿਲੀ ਤਾਂ ਉਨ੍ਹਾਂ ਨੇ ਔਰਤ ਦੇ ਘਰ ਦਾ ਦਰਵਾਜ਼ਾ ਖੜਕਾਇਆ, ਪਰ ਕੋਈ ਜਵਾਬ ਨਹੀਂ ਮਿਲਿਆ। ਇਸ ਤੋਂ ਬਾਅਦ ਲੋਕਾਂ ਨੇ ਖੁਦ ਬੱਚੀ ਨੂੰ ਛੁਡਾਉਣ ਦੀ ਕੋਸ਼ਿਸ਼ ਕੀਤੀ ਪਰ ਔਰਤ ਬਾਹਰ ਆ ਕੇ ਬੱਚੀ ਨੂੰ ਅੰਦਰ ਲੈ ਗਈ। ਮਹਿਲਾ ਏਐੱਸਆਈ ਸਰਬਜੀਤ ਕੌਰ ਅਨੁਸਾਰ ਉਸ ਦੇ ਪਤੀ ਨੂੰ ਬ੍ਰੇਨ ਸਟ੍ਰੋਕ ਹੋਇਆ ਹੈ, ਜਿਸ ਕਾਰਨ ਉਹ ਪਹਿਲਾਂ ਹੀ ਕਾਫੀ ਪ੍ਰੇਸ਼ਾਨ ਹੈ। ਉਸ ਦੀ ਪੋਤੀ ਅਕਸਰ ਘਰੋਂ ਬਾਹਰ ਖੇਡਣ ਜਾਂਦੀ ਹੈ। ਉਨ੍ਹਾਂ ਦੇ ਘਰ ਦੇ ਆਸ-ਪਾਸ ਕਈ ਪ੍ਰਵਾਸੀ ਲੋਕ ਰਹਿੰਦੇ ਹਨ, ਜਿਸ ਕਾਰਨ ਉਨ੍ਹਾਂ ਨੇ ਲੜਕੀ ਨੂੰ ਡਰਾਉਣ ਲਈ ਅਜਿਹਾ ਕੀਤਾ। ਉਸ ਦਾ ਕਹਿਣਾ ਹੈ ਕਿ ਹੁਣ ਉਸ ਨੂੰ ਅਹਿਸਾਸ ਹੋਇਆ ਕਿ ਉਸ ਨੇ ਗਲਤੀ ਕੀਤੀ ਹੈ।

ਇਸ ਮਾਮਲੇ ਸਬੰਧੀ ਡੀਐਸਪੀ ਤਰਲੋਚਨ ਸਿੰਘ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਜਾਰੀ ਹੈ ਅਤੇ ਮੁਲਜ਼ਮ ਲੇਡੀ ਏਐੱਸਆਈ ਸਰਬਜੀਤ ਕੌਰ ਨੂੰ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰ ਦਿੱਤਾ ਗਿਆ ਹੈ। ਸ਼ੁਰੂਆਤੀ ਜਾਂਚ 'ਚ ਇਹ ਵੀ ਸਾਹਮਣੇ ਆਇਆ ਹੈ ਕਿ ਲੜਕੀ ਦੇ ਮਾਤਾ-ਪਿਤਾ ਪੁਰਤਗਾਲ 'ਚ ਹਨ ਅਤੇ ਦੋਸ਼ੀ ਉਨ੍ਹਾਂ ਦੀ ਦੇਖਭਾਲ ਕਰ ਰਹੀ ਸੀ।

# ਲੋਕਤੰਤਰ 'ਚ ਸੁਰੱਖਿਆ ਨੂੰ ਰਾਜਨੀਤਿਕ ਹਥਿਆਰ ਵਜੋਂ ਵਰਤਣਾ ਬਹੁਤ ਹੀ ਦੁੱਖਦਾਇਕ: ਸੁਖਜਿੰਦਰ ਰੰਧਾਵਾ



ਚੰਡੀਗੜ੍ਹ: ਸਾਬਕਾ ਉਪ ਮੁੱਖ ਮੰਤਰੀ ਅਤੇ ਗੁਰਦਾਸਪੁਰ ਤੋਂ ਲੋਕ ਸਭਾ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੇ ਰਾਘਵ ਚੱਢਾ ਦੀ ਸੁਰੱਖਿਆ ਵਾਪਸ ਲੈਣ ਦੇ ਫੈਸਲੇ 'ਤੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਉਨ੍ਹਾਂ ਕਿਹਾ ਕਿ ਲੋਕਤੰਤਰ ਵਿੱਚ ਸੁਰੱਖਿਆ ਕਦੇ ਵੀ ਰਾਜਨੀਤਿਕ ਹਥਿਆਰ ਨਹੀਂ ਬਣਨੀ ਚਾਹੀਦੀ ਅਤੇ ਸੁਰੱਖਿਆ ਘਟਾਉਣ ਜਾਂ ਵਾਪਸ ਲੈਣ ਦੇ ਅਚਾਨਕ ਫੈਸਲੇ ਗੰਭੀਰ ਸਵਾਲ ਖੜ੍ਹੇ ਕਰਦੇ ਹਨ। ਰੰਧਾਵਾ ਨੇ ਸਵਾਲ ਉਠਾਇਆ ਕਿ ਕੀ ਇਹ ਫੈਸਲੇ ਅਸਲੀ ਖਤਰੇ ਦੇ ਅੰਦਾਜ਼ੇ (ਥ੍ਰੇਟ ਪਰਸੈਪਸ਼ਨ) 'ਤੇ ਆਧਾਰਿਤ ਹਨ ਜਾਂ ਅੰਦਰੂਨੀ ਪਾਰਟੀ ਸਮੀਕਰਨਾਂ ਦਾ ਨਤੀਜਾ ਹਨ? ਉਨ੍ਹਾਂ ਕਿਹਾ, "ਲੋਕਾਂ ਦੀ ਸੁਰੱਖਿਆ ਨੂੰ ਰਾਜਨੀਤਿਕ ਸੁਵਿਧਾ ਦਾ ਮਾਮਲਾ ਨਹੀਂ ਬਣਾਇਆ ਜਾ ਸਕਦਾ। ਇਸ ਮਾਮਲੇ ਵਿੱਚ ਪਾਰਦਰਸ਼ਤਾ ਬਹੁਤ ਜ਼ਰੂਰੀ ਹੈ ਅਤੇ ਪੰਜਾਬ ਦੇ ਡੀਜੀਪੀ ਨੂੰ ਇਸ ਫੈਸਲੇ ਦੇ ਕਾਰਨਾਂ ਬਾਰੇ ਸਪਸ਼ਟੀਕਰਨ ਦੇਣਾ ਚਾਹੀਦਾ ਹੈ।" ਉਨ੍ਹਾਂ ਅੱਗੇ ਕਿਹਾ ਕਿ ਜਦੋਂ ਉਹ ਗ੍ਰਹਿ ਮੰਤਰੀ ਸਨ, ਤਦ ਅਜਿਹੇ ਫੈਸਲੇ ਸਿਰਫ਼ ਖੁਫੀਆ ਜਾਣਕਾਰੀ (ਇੰਟੈਲੀਜੈਂਸ ਇਨਪੁੱਟਸ) ਅਤੇ ਸੀ.ਆਈ.ਡੀ. ਰਿਪੋਰਟਾਂ ਦੇ ਆਧਾਰ 'ਤੇ ਲਏ ਜਾਂਦੇ ਸਨ। ਐਸੇ ਸੰਵੇਦਨਸ਼ੀਲ ਮਾਮਲਿਆਂ ਵਿੱਚ ਸੰਸਥਾਗਤ ਪ੍ਰਕਿਰਿਆ ਅਤੇ ਸੁਰੱਖਿਆ ਏਜੰਸੀਆਂ ਦੀਆਂ ਸਿਫ਼ਾਰਸ਼ਾਂ ਦੀ ਪਾਲਣਾ ਲਾਜ਼ਮੀ ਹੁੰਦੀ ਹੈ।

ਸਾਬਕਾ ਗ੍ਰਹਿ ਮੰਤਰੀ ਨੇ ਸਰਕਾਰ ਦੀ ਕਾਰਗੁਜ਼ਾਰੀ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਜੇ ਹੁਣ ਕੋਈ ਖਤਰਾ ਨਹੀਂ ਹੈ ਤਾਂ ਪਹਿਲਾਂ ਇੰਨੀ ਵੱਡੀ ਸੁਰੱਖਿਆ ਕਿਉਂ ਦਿੱਤੀ ਗਈ ਸੀ? ਅਤੇ ਜੇ ਪਹਿਲਾਂ ਖਤਰਾ ਸੀ ਤਾਂ ਹੁਣ ਅਜਿਹਾ ਕੀ ਬਦਲ ਗਿਆ ਹੈ ਕਿ ਸੁਰੱਖਿਆ ਵਾਪਸ ਲੈ ਲਈ ਗਈ?

ਉਨ੍ਹਾਂ ਸਪਸ਼ਟ ਸ਼ਬਦਾਂ ਵਿੱਚ ਕਿਹਾ ਕਿ ਲੋਕਾਂ ਦੇ ਟੈਕਸ ਦਾ ਪੈਸਾ ਰਾਜਨੀਤਿਕ ਸਟੰਟਾਂ ਜਾਂ ਨਿੱਜੀ ਹਿਤਾਂ ਲਈ ਖਰਚ ਨਹੀਂ ਹੋਣਾ ਚਾਹੀਦਾ। ਰੰਧਾਵਾ ਨੇ ਕਿਹਾ ਕਿ ਸੁਰੱਖਿਆ ਵਰਗੇ ਸੰਵੇਦਨਸ਼ੀਲ ਮਾਮਲਿਆਂ ਨੂੰ ਰਾਜਨੀਤਿਕ ਰੰਗ ਦੇਣਾ ਸੂਬੇ ਦੀ ਕਾਨੂੰਨ-ਵਿਵਸਥਾ ਲਈ ਘਾਤਕ ਸਾਬਤ ਹੋ ਸਕਦਾ ਹੈ। ਉਨ੍ਹਾਂ ਮੰਗ ਕੀਤੀ ਕਿ ਸੁਰੱਖਿਆ ਦੇਣ ਜਾਂ ਵਾਪਸ ਲੈਣ ਦੀ ਪ੍ਰਕਿਰਿਆ ਪੂਰੀ ਤਰ੍ਹਾਂ ਨਿਰਪੱਖ ਅਤੇ ਪਾਰਦਰਸ਼ੀ ਹੋਣੀ ਚਾਹੀਦੀ ਹੈ, ਤਾਂ ਜੋ ਸੰਵਿਧਾਨਕ ਸੰਸਥਾਵਾਂ ਅਤੇ ਪ੍ਰਸ਼ਾਸਨ 'ਤੇ ਲੋਕਾਂ ਦਾ ਭਰੋਸਾ ਬਣਿਆ ਰਹੇ।

# ਸਮਰਾਟ ਚੌਧਰੀ ਨੇ ਬਿਹਾਰ ਦੇ ਮੁੱਖ ਮੰਤਰੀ ਵਜੋਂ ਚੁੱਕੀ ਸਹੁੰ, ਵਿਜੇ ਚੌਧਰੀ ਤੇ ਵਿਜੇਂਦਰ ਯਾਦਵ ਬਣੇ ਡਿਪਟੀ ਸੀ.ਐਮ



ਨਵੀ ਦਿੱਲੀ : ਅੱਜ ਤੋਂ ਬਿਹਾਰ ਵਿੱਚ 'ਸਮਰਾਟ ਯੁੱਗ' ਸ਼ੁਰੂ ਹੋ ਗਿਆ ਹੈ। ਸਮਰਾਟ ਚੌਧਰੀ ਨੇ ਬਿਹਾਰ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕ ਲਈ ਹੈ। ਉਹ ਬਿਹਾਰ ਦੇ 24ਵੇਂ ਮੁੱਖ ਮੰਤਰੀ ਬਣ ਗਏ ਹਨ। ਇਸ ਦੇ ਨਾਲ ਹੀ ਵਿਜੇ ਚੌਧਰੀ ਅਤੇ ਵਿਜੇਂਦਰ ਯਾਦਵ ਨੇ ਡਿਪਟੀ ਸੀ.ਐਮ. ਵਜੋਂ ਸਹੁੰ ਚੁੱਕੀ ਹੈ। ਰਾਜਪਾਲ ਸੱਯਦ ਅਤਾ ਹਸਨੈਨ ਨੇ ਮੁੱਖ ਮੰਤਰੀ ਅਤੇ ਡਿਪਟੀ ਸੀ.ਐਮ. ਨੂੰ ਅਹੁਦੇ ਦੀ ਸਹੁੰ ਚੁਕਾਈ।

ਦੱਸ ਦਈਏ ਕਿ ਸਮਰਾਟ ਚੌਧਰੀ ਨੇ ਸਹੁੰ ਚੁੱਕਣ ਤੋਂ ਪਹਿਲਾ ਸਵੇਰੇ ਪੰਚਮੁਖੀ ਹਨੂਮਾਨ ਮੰਦਰ ਵਿੱਚ ਪੂਜਾ ਕੀਤੀ। ਸਹੁੰ ਚੁੱਕਣ ਤੋਂ ਪਹਿਲਾਂ ਹੀ ਉਨ੍ਹਾਂ ਦੀ ਸੁਰੱਖਿਆ ਵਧਾ ਦਿੱਤੀ ਗਈ ਸੀ। ਸਰਕਾਰ ਵਿੱਚ ਬਦਲਾਅ ਸੋਮਵਾਰ ਨੂੰ ਨਿਤੀਸ਼ ਕੁਮਾਰ ਦੇ ਅਸਤੀਫਾ ਦੇਣ ਤੋਂ ਬਾਅਦ ਹੋਇਆ। ਉਹ ਹੁਣ ਰਾਜ ਸਭਾ ਮੈਂਬਰ ਹਨ। ਉਹ 20 ਸਾਲ ਬਿਹਾਰ ਦੇ ਮੁੱਖ ਮੰਤਰੀ ਰਹੇ। ਸਮਰਾਟ ਚੌਧਰੀ ਦੇ ਮੁੱਖ ਮੰਤਰੀ ਬਣਨ ਤੋਂ ਬਾਅਦ ਬਿਹਾਰ ਵਿੱਚ ਨਿਤੀਸ਼ ਅਤੇ ਲਾਲੂ ਯੁੱਗ ਦੀ ਰਾਜਨੀਤੀ ਦਾ ਅੰਤ ਮੰਨਿਆ ਜਾ ਰਿਹਾ ਹੈ। ਇਸ ਦੇ ਨਾਲ ਹੀ ਬਿਹਾਰ ਵਿੱਚ ਪਹਿਲੀ ਵਾਰ ਭਾਜਪਾ ਦਾ ਮੁੱਖ ਮੰਤਰੀ ਵੀ ਹੋਵੇਗਾ।

ਸਮਰਾਟ ਚੌਧਰੀ ਮੁੱਖ ਮੰਤਰੀ ਬਣਨ ਤੋਂ ਪਹਿਲਾਂ ਬਿਹਾਰ ਦੇ ਡਿਪਟੀ ਸੀ.ਐਮ. ਸਨ। ਬੀਤੇ ਦਿਨ ਨਿਤੀਸ਼ ਕੁਮਾਰ ਦੇ ਅਸਤੀਫ਼ੇ ਤੋਂ ਬਾਅਦ ਭਾਜਪਾ ਨੇ ਸਮਰਾਟ ਨੂੰ ਵਿਧਾਇਕ ਦਲ ਦਾ ਨੇਤਾ ਚੁਣਿਆ ਸੀ। ਜ਼ਿਕਰਯੋਗ ਹੈ ਕਿ ਸਮਰਾਟ ਆਰ.ਐਸ.ਐਸ. (RSS) ਦੇ ਪਿਛੋਕੜ ਤੋਂ ਨਹੀਂ ਆਉਂਦੇ ਹਨ। ਸਮਰਾਟ ਦੇ ਪਿਤਾ ਸ਼ਕੁਨੀ ਚੌਧਰੀ ਬਿਹਾਰ ਦੇ ਕੱਦਾਵਰ ਨੇਤਾ ਮੰਨੇ ਜਾਂਦੇ ਸਨ।

ਸਮਰਾਟ ਦੀ ਰਾਜਨੀਤੀ ਵਿੱਚ ਐਂਟਰੀ 1990 ਵਿੱਚ ਹੋਈ ਸੀ। ਸਾਲ 2000 ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਸਮਰਾਟ ਚੌਧਰੀ ਪਰਬੱਤਾ ਵਿਧਾਨ ਸਭਾ ਸੀਟ ਤੋਂ ਆਰ.ਜੇ.ਡੀ. (RJD) ਦੀ ਟਿਕਟ 'ਤੇ ਚੋਣ ਜਿੱਤੇ ਸਨ। 2005 ਵਿੱਚ ਇਸ ਸੀਟ ਤੋਂ ਚੋਣ ਹਾਰਨ ਤੋਂ ਬਾਅਦ ਉਨ੍ਹਾਂ ਨੇ 2010 ਵਿੱਚ ਫਿਰ ਤੋਂ ਸ਼ਾਨਦਾਰ ਵਾਪਸੀ ਕੀਤੀ।

ਅੱਜ ਸੀਐਮ ਸਮਰਾਟ ਚੌਧਰੀ ਨੂੰ ਵਧਾਈ ਦਿੰਦੇ ਹੋਏ ਜੇਡੀਯੂ (JDU) ਦੇ ਰਾਸ਼ਟਰੀ ਪ੍ਰਧਾਨ ਨਿਤੀਸ਼ ਕੁਮਾਰ ਨੇ ਕਿਹਾ ਕਿ 'ਅੱਜ ਬਿਹਾਰ ਦੇ ਨਵੇਂ ਮੁੱਖ ਮੰਤਰੀ ਵਜੋਂ ਸਹੁੰ ਚੁੱਕਣ 'ਤੇ ਸਮਰਾਟ ਚੌਧਰੀ ਨੂੰ ਹਾਰਦਿਕ ਵਧਾਈ ਅਤੇ ਸ਼ੁਭਕਾਮਨਾਵਾਂ। ਮੈਨੂੰ ਵਿਸ਼ਵਾਸ ਹੈ ਕਿ ਤੁਹਾਡੀ ਅਗਵਾਈ ਹੇਠ ਬਿਹਾਰ ਹੋਰ ਤੇਜ਼ੀ ਨਾਲ ਵਿਕਸਤ ਹੋਵੇਗਾ ਅਤੇ ਦੇਸ਼ ਦੇ ਸਭ ਤੋਂ ਵੱਧ ਵਿਕਸਤ ਰਾਜਾਂ ਦੀ ਸ਼੍ਰੇਣੀ ਵਿੱਚ ਸ਼ਾਮਲ ਹੋਵੇਗਾ।'



ਪੰਜਾਬ ਸਟਾਰ

**To Contact Us:**

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjor
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

## ਬੁੱਧ ਚਿੰਤਨ

# ਹਰ ਵਸਤੂ ਵਿਕਾਊ ਨਹੀਂ ਹੁੰਦੀ...?



ਬੁੱਧ ਸਿੰਘ ਨੀਲੋਂ
94643 70823

ਜ਼ਿੰਦਗੀ ਮੱਛੀ ਮੰਡੀ ਨਹੀਂ ਹੁੰਦੀ ਤੇ ਹਰ ਵਸਤੂ ਵਿਕਾਊ ਵੀ ਨਹੀਂ ਹੁੰਦਾ। ਖਰੇ ਖੋਟੇ ਇਕ ਭਾਅ ਨਹੀਂ ਹੁੰਦਾ। ਗਧਾ ਤੇ ਘੋੜਾ ਬਰਾਬਰ ਨਹੀਂ, ਮੰਡੀ ਵੇਚਣ ਤੇ ਖਰੀਦਣ ਲਈ ਹੀ ਨਹੀਂ। ਹਰ ਚੀਜ਼ ਦਾ ਕੋਈ ਵਪਾਰੀ ਨਹੀਂ ਹੁੰਦਾ। ਮੰਡੀ ਵਿੱਚ ਭਾਅ ਉਹੀ ਪੁੱਛ ਸਕਦੈ, ਜਿਸ ਦੀ ਜੇਬ ਵਿੱਚ ਨੋਟ ਹੋਣ ਤੇ ਜਿਸ ਨੂੰ ਕੀਮਤ ਦਾ ਪਤਾ ਹੋਵੇ। ਕੀਮਤ ਉਸ ਦੀ ਪੈਂਦੀ ਹੈ, ਜਿਸ ਦੀ ਕਿਸੇ ਨੂੰ ਲੋੜ ਹੋਵੇ। ਖਰੀਦ ਦਾ ਉਹੀ ਹੈ, ਜਿਸ ਕੋਲ ਖਰੀਦਣ ਦੀ ਤਾਕਤ ਹੋਵੇ। ਵੇਚਣ ਦੀ ਤੇ ਖਰੀਦਣ ਦੀ ਪ੍ਰਥਾ ਬੜੀ ਪੁਰਾਣੀ ਹੈ ਤੇ ਇਸ ਦੀ ਬਹੁਤ ਲੰਮੀ ਅਣਥੱਕ ਕਹਾਣੀ ਹੈ। !ਕਹਾਣੀ ਦਾ ਮੁੱਢ ਵੀ ਮਨੁੱਖ ਦੇ ਜਨਮ ਤੋਂ ਸ਼ੁਰੂ ਹੋ ਗਿਆ ਸੀ।

ਪਹਿਲਾਂ ਵੇਚ-ਖਰੀਦ 'ਚ ਦਮੜੇ ਨਹੀਂ, ਵਸਤਾਂ, ਪਸ਼ੂ, ਇਲਾਕੇ, ਆਦਮੀਂ ਤੇ ਔਰਤਾਂ ਹੁੰਦੀਆਂ ਸੀ। ਜਿਸ ਕੋਲ ਤਾਕਤ ਤੇ ਵਸਤੂਆਂ ਦੀ ਭਰਮਾਰ ਹੁੰਦੀ ਸੀ, ਉਸ ਦੀ ਇਲਾਕੇ ਵਿੱਚ ਪੂਰੀ ਇਜਾਰੇਦਾਰੀ ਹੁੰਦੀ ਸੀ। ਇਹ ਗੁਲਾਮੀ ਦੇ ਦੌਰ ਬਾਤਾਂ ਨੇ, ਉਹ ਬਾਤਾਂ ਜਿਹੜੀਆਂ ਹੁਣ ਕਿਤਾਬਾਂ ਵਿੱਚ ਸਿਮਟ ਕੇ ਰਹਿ ਗਈਆਂ, ਹੁਣ ਭਾਵੇਂ ਨਾਨੀਆਂ-ਦਾਦੀਆਂ ਤਾਂ ਜਿਉਂਦੀਆਂ ਨੇ, ਪਰ ਬਾਤਾਂ ਸੁਨਣ ਵਾਲਿਆਂ ਕੋਲ ਸਮਾਂ ਨਹੀਂ। ਹੁਣ ਘਰ ਤੇ ਬਜ਼ਾਰ ਦਾ ਫਾਸਲਾ ਮੁੱਕ ਗਿਆ ਹੈ। ਇਸੇ ਕਰਕੇ ਜਿੰਨ੍ਹਾਂ ਕੋਲ ਗਾਂਧੀ ਦੇ ਨੋਟਾਂ ਦੀ ਭਰਮਾਰ ਹੈ, ਉਨਾਂ ਦੇ ਘਰ ਹੀ ਬਜ਼ਾਰ ਬਣ ਗਏ ਹਨ।

ਜਿਹੜੇ ਅਜੇ ਭਾਅ ਹੀ ਪੁੱਛਦੇ ਹਨ, ਉਨ੍ਹਾਂ ਕੋਲ ਰੋਟੀ, ਕੱਪੜਾ ਤੇ ਮਕਾਨ ਨਹੀਂ। ਜੇ ਉਨ੍ਹਾਂ ਕੋਲ ਮਕਾਨ ਹੋ ਜਾਵੇ ਤਾਂ ਉਹ ਜਰੂਰ ਦੁਕਾਨ ਖੋਲ੍ਹ ਸਕਦੇ ਹਨ। ਅੱਜ ਕੱਲ੍ਹ ਦੁਕਾਨਦਾਰੀ ਵਿੱਚ ਬੜਾ ਮੁਨਾਫਾ ਹੈ। ਇੱਕ ਰੁਪਏ ਕਿਲੋ ਦੇ ਆਲੂ ਪੰਜ ਸੌ ਰੁਪਏ ਦੇ ਕਿਲੋਂ ਨਹੀਂ, ਗ੍ਰਾਮਾਂ ਵਿੱਚ ਇਸੇ ਭਾਅ ਵਿਕਦੇ ਹਨ ਤੇ ਖਰੀਦਣ ਵਾਲੇ ਖਰੀਦਦੇ ਹਨ। ਸਰਕਾਰੀ ਮੱਦਦ ਨਾਲ ਸਾਹਿਤਕ ਸਮਾਗਮ ਕਰਵਾਉਣ ਨਾਲ ਕਾਫ਼ੀ ਆਮਦਨ ਹੁੰਦੀ ਹੈ। ਤੁਸੀਂ ਭੀੜ ਇਕੱਠੀ ਕਰਕੇ ਪੰਜ ਸੱਤ ਮਰਾਸੀ ਆਲੋਚਕ ਤੇ ਲੇਖਕ ਬੁਲਾ ਕੇ ਵਧੀਆ ਕੰਮ ਕਰ ਸਕਦੇ ਹੋ।

ਫਸਲਾਂ ਪੈਦਾ ਕਰਨ ਵਾਲੇ ਭੁੱਖੇ ਮਰਦੇ ਮਰਦੇ, ਹੁਣ ਖੁਦਕੁਸ਼ੀਆਂ ਤੱਕ ਪੁੱਜ ਗਏ ਹਨ। ਫਸਲਾਂ ਖਰੀਦਣ ਵਾਲੇ ਅਸਮਾਨੀ ਚੜ੍ਹ ਗਏ ਹਨ, ਉਨ੍ਹਾਂ ਕੋਲ ਕਿਸੇ ਵੀ ਚੀਜ਼ ਦਾ ਕੋਈ ਅੰਤ ਨਹੀਂ। ਉਨਾਂ ਨੂੰ ਤਾਂ ਆਪਣਾ ਅੰਤ ਵੀ ਭੁਲਿਆ ਹੋਇਆ, ਇਸੇ ਕਰਕੇ ਉਹ ਵੱਧ ਤੋਂ ਵੱਧ ਮਾਲ ਇਕੱਠਾ ਕਰਨ ਦੀ ਹੋੜ 'ਚ ਲੱਗੇ ਹੋਏ ਹਨ। !

ਇਹ ਹੋੜ ਹੁਣ ਅੰਨ੍ਹੀ ਦੌੜ ਬਣ ਗਈ ਹੈ। ਅੰਨ੍ਹੀ ਦੌੜ 'ਚ ਉਹੀ ਦੌੜਦੇ ਹਨ, ਜਿੰਨ੍ਹਾਂ ਕੋਲ ਹਰ ਤਰਾਂ ਦੀ ਤਾਕਤ ਜੇਬ 'ਚ ਹੁੰਦੀ ਹੈ। ਇਸ ਜੇਬ ਵਿੱਚ ਸੱਤਾ, ਕਾਨੂੰਨ, ਪੁਲਿਸ ਤੇ ਬਜ਼ਾਰ ਦਾ ਸਭ ਕੁਝ ਹੁੰਦਾ ਹੈ। ਜੇ ਕੁੱਝ ਨਹੀਂ ਹੁੰਦਾ ਤਾਂ ਸਿਰ ਅੰਦਰ ਅਕਲ ਦਾ ਖਾਨਾ। ਇਹ ਖਾਨਾ ਉਨਾਂ ਦੀ ਹਉਮੈਂ ਨਾਲ ਏਨਾ ਭਰ ਜਾਂਦਾ ਹੈ, ਉਹ ! ਦਲਦਲ ਬਣ ਜਾਂਦਾ ਹੈ ਪਰ ਉਨਾਂ ਨੂੰ ਦਲਦਲ ਦੇ ਸੁਭਾਅ, ਰਮਜ਼ ਤੇ ਤਬੀਅਤ ਦਾ ਪਤਾ ਨਹੀਂ ਹੁੰਦਾ। ਉਨਾਂ ਦੇ ਅੰਦਰ ਸਿਰਫ ਜੋਸ਼ ਹੁੰਦਾ ਹੈ, ਹੋਸ਼ ਨਹੀਂ ਹੁੰਦੀ ਪਰ ਹੋਸ਼ ਵਾਲਿਆਂ ਨੂੰ ਜੋਸ਼ ਵਾਲੇ ਤਾਕਤ ਦੇ ਸਹਾਰੇ ਵਰਤ ਜਾਂਦੇ ਹਨ। ਵਰਤੇ ਜਾਣ ਵਾਲਿਆਂ ਨੂੰ ਵਰਤੇ ਜਾਣ ਦਾ ਉਦੋਂ ਤੀਕ ਪਤਾ ਨਹੀਂ ਲੱਗਦਾ, ਜਦੋਂ ਤੱਕ ਉਹ ਸਿੱਕੇ ਦੇ ਦੋਵੇਂ ! ਪਾਸੇ ਨਹੀਂ ਵੇਖ ਲੈਂਦੇ।

ਜਦੋਂ ਦੋ ਚੀਜ਼ਾਂ ਆਪਸ ਵਿੱਚ ਘਸਰਦੀਆਂ ਨੇ, ਤਾਂ ਨਵੀਂ ਸਿਰਜਣਾ ਹੁੰਦੀ ਹੈ, ਇਸ ਮੌਕੇ ਵਰਤੇ ਤਾਂ ਦੋਵੇਂ ਹੀ ਜਾਂਦੇ ਹਨ, ਕੋਈ ਵੱਧ ਤੇ ਕੋਈ ਘੱਟ। ਵੱਧ ਵਾਲਿਆਂ ਦਾ ਹੱਥ ਉੱਤੇ ਰਹਿੰਦਾ ਹੈ, ਜਿਹੜਾ ਉਤੇ ਹੁੰਦਾ ਹੈ, ਉਹੀ ਜੇਤੂ ਹੁੰਦਾ ਹੈ। ਕਿਸੇ ਨੂੰ ਨੂਰਾ-ਕੁਸ਼ਤੀ ਲੜਨੀ ਪੈਂਦੀ ਹੈ, ਜਿੱਤਣ ਵਾਲੇ ਨੂੰ ਸਦਾ ਜਿਤਾਉਣਾ ਹੀ ਪੈਂਦਾ ਹੈ, ਹਾਰਨ ! ਵਾਲਾ ਜਿੰਨਾਂ ਮਰਜ਼ੀ ਤਾਕਤਵਰ ਹੋਵੇ।

ਪਰ ਦੁੱਖ ਤਾਂ ਉਦੋਂ ਲਗਦਾ ਹੈ, ਜਦੋਂ ਕੋਈ ਚਿੱਟੇ ਬਸਤਰ ਪਾ ਕੇ ਦੇਵੀ ਦਾ ਰੂਪ ਧਾਰ ਕੇ ਲੁੱਟੇ। ਭਾਵੇਂ ਲੁੱਟਣ ਵਾਲਿਆਂ ਦਾ ਇੱਕ ਨੁਕਾਤੀ ਪ੍ਰੋਗਰਾਮ ਹੀ ਲੁੱਟਣਾ ਹੁੰਦਾ ਹੈ। ਉਹ ਚੋਲਾ ਤੇ ਮਖੌਟਾ ਜਿਹੜਾ ਮਰਜ਼ੀ ਪਾ ਲਵੇ ਪਰ ਜਦੋਂ ਤੀਕ ਉਸ ਦਾ ਮਖੌਟਾ ਉਤਰਦਾ ਹੈ, ਉਦੋਂ ਤੱਕ ਸਮਾਂ ਲੰਘ ਚੁੱਕਾ ਹੁੰਦਾ ਹੈ।

ਬੀਤਿਆ ਸਮਾਂ ਵਾਪਸ ਨਹੀਂ ਆਉਂਦਾ ਪਰ ਯਾਦਾਂ ਜਦੋਂ ਚੇਤਿਆਂ ਦੀ ਤਖ਼ਤੀ ਉੱਤੇ ਦਸਤਕ ਦੇਂਦੀਆਂ ਹਨ ਤਾਂ ਮਨ ਉਦਾਸ ਵੀ ਹੁੰਦਾ ਤੇ ਖੌਲਦਾ ਵੀ, ਕਦੇ ਕਦੇ ਤਾਂ ਸੁਨਾਮੀ ਵਾਂਗ ਤਬਾਹੀ ਦੀ ਹੋਂਦ ਤੀਕ ਪੁੱਜ ਜਾਂਦਾ ਹੈ। ! ਆਪਣੇ ਆਪ ਨੂੰ ਸਵਾਲ ਕਰਦਾ, ਖੁੱਦ ਹੀ ਸਵਾਲ ਬਣ ਕੇ ਰਹਿ ਜਾਂਦਾ ਹੈ। ਉਦੋਂ ਸਮਾਂ, ਸਥਿਤੀ ਤੇ ਹਾਲਾਤ ਬਦਲ ਜਾਂਦੇ



ਹਨ। ਬਦਲੇ ਹਾਲਤਾਂ ਦੇ ਕਾਰਨ ਬੰਦੇ ਦੀ ਸੋਚ, ਸਮਝ ਤੇ ਸ਼ਕਤੀ ਵੀ ਘੱਟ ਜਾਂਦੀ ਹੈ। ਯਾਦਾਂ ਦੇ ਵਰਕੇ, ਝੀਥਾਂ ਥਾਣੀਂ ਵੀ ਰੋਸ਼ਨੀ ਬਣ ਬਣ ਆਉਂਦੇ ਹਨ, ਉਹ ਸੁੱਤਿਆਂ ਨੂੰ ਜਗਾਉਂਦੇ ਹਨ। ਜਾਗਣ ਵਾਲੇ ਤਾਂ ਸਦਾ ਸੀਸ ਤਲੀ 'ਤੇ ਧਰ ਕੇ ਤੁਰਦੇ ਹਨ, ਪਰ ਜਿਹੜੇ ਸੁੱਤੇ ਰਹਿੰਦੇ ਹਨ। ਉਹ ਤਲੀਆਂ 'ਤੇ ਸਰੋਂ ਉਗਾਉਂਦੇ ਹਨ। ਹੱਥਾਂ ਦੀਆਂ ਤਲੀਆਂ ਉੱਤੇ ਉਹ ਹੀ ਸਰੋਂ ਜਮਾਉਂਦੇ ਹਨ, ਜਿੰਨਾਂ ਨੂੰ ਤੇਲ ਦੇ ਮੁੱਲ ਦਾ ਪਤਾ ਹੋਵੇ। ਹੁਣ ਤਾਂ ਤੇਲ ਪਿੱਛੇ ਸਾਮਰਾਜੀ ਤਾਕਤਾਂ ਵੀ ਹੱਥ ਧੋ ਕੇ ਪੈ ਗਈਆਂ ਹਨ, ਪਰ ਇਹ ਤੇਲ ਮਗਰ ਤਾਂ ਬਹੁਤ ਪਹਿਲਾਂ ਹੀ ਲੱਗੀਆਂ ਸਨ।

ਕਾਲੇ ਦਿਨਾਂ ਵਿੱਚ ਜਦੋਂ ਕੋਈ ਰੋਸ਼ਨੀ ਬਣਦਾ ਤਾਂ ਉਸ ਦੇ ਆਲੇ ਦੁਆਲੇ ਚਾਨਣ ਹੀ ਚਾਨਣ ਹੋ ਜਾਂਦਾ ਹੈ। ਉਦੋਂ ਹੀ ਚਾਨਣ ਦੇ ਵਣਜਾਰਿਆਂ ਨੇ ਪੁਸਤਕ ਸੱਭਿਆਚਾਰ ਤੇ ਨਸ਼ਿਆਂ ਵਿਰੁੱਧ ਕਾਫਲਾ ਤੋਰਿਆ ਸੀ। ਇਸ ਨੇ ਸਭ ਦਾ ਧਿਆਨ ਖਿੱਚਿਆ ਸੀ। ਨੰਗੇ ਧੜ ਨੰਗੀਆਂ ਸੜਕਾਂ, ਗੋਲੀਆਂ ਤੇ ਧਮਾਕਿਆਂ ਦੀ ਗੜਗੜਾਹਟ ਚਾਰ ਚੁਫੇਰੇ ਮੌਤ ਦਾ ਤਾਂਡਵ ਨਾਚ ਹੋ ਰਿਹਾ ਸੀ।

ਉਦੋਂ ਤਾਂ ਇੰਝ ਲਗਦਾ ਸੀ ਹਨੇਰੇ ਦੇ ਖਿਲਾਫ ਚਾਨਣ ਨਾਲ ਹਸਦਾ ਵਸਦਾ ਖੇੜਾ ਮੁੜ ਆਵੇਗਾ। ਪੁਸਤਕ ਸੱਭਿਆਚਾਰ ਪੈਦਾ ਕਰਨ ਦੇ ਮਕਸਦ ਨਾਲ ਕੁੱਝ ਰੋਸ਼ਨ ਸਿਰਜਕ ਤੁਰੇ। ਤੁਰਦਿਆਂ ਤੁਰਦਿਆਂ ਉਨਾਂ ਨੇ ਧਰਤੀ ਦੇ ਕੁੱਝ ਹਿੱਸਿਆਂ ਅੰਦਰ ਚਾਨਣ ਦੇ ਬੀਜ ਬੀਜੇ ਸਨ। ਚਾਨਣ ਦਾ ਛਿੱਟਾ ਦਿੰਦਿਆਂ ਦੁੱਖ ਤਕਲੀਫਾਂ ਤੇ ਹਨੇਰੇ ਦੇ ਵਣਜਾਰਿਆਂ ਵੱਲੋਂ ਸੋਧਣ ਦੀਆਂ ਧਮਕੀਆਂ ਵੀ ਮਿਲੀਆਂ। ਉਹ ਧਮਕੀਆਂ ਵੀ ਚਾਨਣ ਬਣ ਗਈਆਂ। ਉਦੋਂ ਦੇ ਬੀਜੇ ਬੀਜ ਹੁਣ ਫੁੱਲ ਬੂਟੇ ਬਣ ਗਏ, ਪਰ ਉਹ ਅਜੇ ਵੀ ਤਰਸਦੇ ਨੇ, ਉਹ ਸ਼ਬਦ ਰੂਪੀ ਖੁਰਾਕ ਨੂੰ ਜਿਹੜੀ ਉਨਾਂ ਨੂੰ ਇਨਾਂ ਨੇ ਦਿੱਤੀ ਸੀ।

ਸੰਕਲਪ, ਮਿਸ਼ਨ ਲੈ ਕੇ ਤੁਰੇ ਲੋਕ ਕਾਫਲਾ ਬਣ ਜਾਂਦੇ ਹਨ, ਉਸ ਕਾਫਲੇ ਅੱਗੇ ਕੋਈ ਖੜਦਾ ਨਹੀਂ। ਜਿਹੜੇ ਖੜ ਜਾਂਦੇ ਹਨ, ਉਹ ਝੀਲ ਬਣ ਜਾਂਦੇ ਹਨ ਪਰ ਜਦੋਂ 'ਝੀਲ' ਬਨਣ ਲਈ ਤੁਰਿਆ ਜਲ, ਇੱਕ ਧਰਤੀ ਦੇ ਟੁਕੜੇ ਲਈ ਅਟਕ ਜਾਵੇ ਤਾਂ ਬੜਾ ਕੁੱਝ ਟੁੱਟਦਾ ਹੈ। ਉਨ੍ਹਾਂ ਦਿਨਾਂ 'ਚ ਸਾਡੇ ਮਨਾਂ ਅੰਦਰ ਆਦਰਸ਼ਵਾਦੀ ਰੇਤ ਦਾ ਭਰਤ ਪੈ ਗਿਆ ਸੀ। ਇਸ ਭਰਤ ਨੇ ਸਾਡੇ ਅੰਦਰੋਂ ਉਹ ਚੇਤਨਾ ਖਤਮ ਕਰ ਦਿੱਤੀ, ਜਿਸ ਨਾਲ ਮਨੁੱਖ ਮੰਥਨ ਕਰਦਾ ਹੈ। ਸੰਵਾਦ ਰਚਾਉਂਦਾ ਹੈ। ਜਦੋਂ ਕਦੇ ਸਾਡੇ ਮਨਾਂ ਅੰਦਰ ਸ਼ੱਕ ਦੇ ਵਾ ਵਰੋਲੇ ਉਠਣੇ ਤਾਂ ਰੇਤ ਨੇ ਉਡ ਕੇ ਸਾਡੀਆਂ ਅੱਖਾਂ ਅੰਦਰ ਕਿਰਚਾਂ ਵਾਂਗ ਧਸ ਜਾਣਾ।

ਅਸੀਂ ਸ਼ਰਧਾ ਦੇ ਧੌਲੇ ਬਲਦ ਬਣ ਕੇ ਕੰਮ ਕਰਦੇ ਰਹੇ। ਉਦੋਂ ਸਵਾਲ ਕਰਨ ਨਾਲੋਂ ਅਸੀਂ ਮਿਸ਼ਨ ਨੂੰ ਕਾਮਯਾਬ ਕਰਨ ਲਈ ਮੁਸ਼ੱਕਤ ਕਰਦੇ ਰਹੇ। ਸਵਾਲ ਤਾਂ ਸੋਚਣ ਵਾਲਾ ਮਨੁੱਖ ਕਰਦਾ ਪਰ ਜਦੋਂ ਸ਼ਰਧਾ ਤੇ ਆਦਰਸ਼ ਦੀ ਅੱਖਾਂ ਉੱਤੇ ਪੱਟੀ ਬੰਨੀ ਹੋਵੇ ਫਿਰ ਬੰਦਾ ਵੀ ਕੋਹਲੂ ਦਾ ਬਲਦ ਬਣ ਜਾਂਦਾ ਹੈ। ਜਦੋਂ ਉਹ ਸੋਚਣ, ਸਮਝਣ ਦੇ ਕਾਬਲ ਹੁੰਦਾ ਹੈ, ਉਦੋਂ ਦਿੱਲੀ ਦੂਰ ਹੋ ਜਾਂਦੀ ਹੈ, ਦਿਨ ਰਾਤ ਵਿੱਚ ਬਦਲ ਜਾਂਦਾ ਹੈ। ਸਾਂਝੇ ਕਾਜ ਲਈ ਦਮੜੀਆਂ ਤੇ ਚਮੜੀਆਂ ਦੀ ਕੋਈ ਘਾਟ ਨਹੀਂ ਹੁੰਦੀ। ਜਦੋਂ ਪਤਾ ਹੋਵੇ ਨਾ ਦਮੜੀਆਂ ਦੀ ਨਾ ਬੰਦਿਆਂ ਦੀ, ਫਿਰ ਤਾਂ ਪੰਜੇ ਉਂਗਲਾਂ ਘਿਉ ਵਿੱਚ ਹੁੰਦੀਆਂ ਹਨ। ਅਸੀਂ ਤਾਂ ਬਾਲਣ ਸੀ, ਬਲਦੇ ਰਹੇ, ਸੜਦੇ ਰਹੇ ਤੇ ਖੜੇ ਪਾਣੀਆਂ ਵਿੱਚ ਹਲਚਲ ਪੈਦਾ ਕਰਦੇ ਰਹੇ। ਉਦੋਂ ਨਾ ਮੌਤ ਦਾ ਭੈਅ ਸੀ, ਨਾ ਦਮੜੀਆਂ ਦਾ ਕੋਈ ਲਾਲਚ ਸੀ। ਧਰਮ ਦੇ ਨਾਂਅ ਹੇਠ ਪੈਸੇ ਤੇ ਲੋਕਾਂ ਦੀ ਭੀੜ ਇਕੱਠੀ ਕੀਤੀ ਜਾ ਸਕਦੀ ਹੈ, ਉਨ੍ਹਾਂ ਨੂੰ ਚੇਤਨ ਨਹੀਂ ਕੀਤਾ ਜਾ ਸਕਦਾ। ਭੀੜ ਨੂੰ ਵਰਤਿਆ ਜਾ ਸਕਦਾ ਹੈ। ਚੇਤਨਾ ਪੈਦਾ ਕਰਨ ਸਿੱਖਿਆ ਤੇ ਗਿਆਨ ਦੇਣਾ ਜਰੂਰੀ ਹੁੰਦਾ ਹੈ। ਚੇਤਨ ਲੋਕ ਕੁੱਝ ਕੁ ਹੁੰਦੇ ਹਨ। ਬਹੁਗਿਣਤੀ ਤਮਾਸ਼ਾ ਦੇਖਣ ਵਾਲੇ ਹੁੰਦੇ। ਚੇਤਨਾ ਪੈਦਾ ਕਰਨ ਵਾਲਿਆਂ ਦੀ ਭੀੜ ਨਹੀਂ ਹੁੰਦੀ ਤੇ ਨਾ ਹੀ ਭੀੜ ਦੀ ਕੋਈ ਸੋਚ ਹੁੰਦੀ ਹੈ। ਜਦ ਭੀੜ ਪੈਂਦੀ ਹੈ ਕੋਈ ਨਹੀਂ ਨਾਲ ਖੜਦਾ। ਆਪਣਾ ਸਿਰ ਆਪ ਹੀ ਗੁੰਦਣਾ ਪੈਂਦਾ ਹੈ। ਬੇਗਾਨੇ ਹੱਥ ਜੂੜਾ ਤੇ ਅਕਲ ਫੜਾ ਕੇ ਜੰਗ ਨਹੀਂ ਜਿੱਤ ਹੁੰਦੀ। ਭਾਵਨਾਵਾਂ ਏਨੀਆਂ ਮੁਖਮ ਤੇ ਕਮਜ਼ੋਰ ਨਹੀਂ ਹੁੰਦੀਆਂ ਕਿ ਹਵਾ ਵਗਦਿਆਂ ਹੀ ਭਾਂਬੜ ਬਣ ਜਾਣ। ਤਾੜੀ ਇੱਕ ਹੱਥ ਨਹੀਂ, ਦੋਵੇਂ ਹੱਥਾਂ ਨਾਲ ਵੱਜਦੀ ਹੈ। ਤਾੜੀ ਮਾਰ ਕੇ ਹੱਸਣ ਵਾਲੇ ਸਦਾ ਹੀ ਦਗ਼ਾ ਕਮਾਉਦੇ ਹਨ। ਬੁੱਕਲ ਦੇ ਸੱਪ ਤੇ ਘਰਦੇ ਭੇਤੀ ਲੰਕਾ ਢਾਹਉਦੇ ਹਨ। ਬੰਦਾ ਦੁਸ਼ਮਣ ਤੋਂ ਨਹੀਂ ਆਪਣਿਆਂ ਕਰਕੇ ਹਾਰਦਾ ਤੇ ਮਰਦਾ ਹੈ। ਜਦ ਭਰਾ ਦੁਸ਼ਮਣ ਦੇ ਖੇਮੇ ਵਿੱਚ ਹੋਵੇ...ਫੇਰ ਰਾਵਣ ਵਰਗੇ ਵੀ ਖਤਮ ਹੁੰਦੇ ਹਨ।

ਆਪਣੇ ਅੰਦਰਲੇ ਉਹ ਦੁਸ਼ਮਣ ਮਾਰਨ ਦੀ ਲੋੜ ਹੈ। ਕਾਮ, ਕਰੋਧ, ਲੋਭ, ਮੋਹ ਤੇ ਹੰਕਾਰ ਦੀਆਂ ਲਗਾਮ ਸੰਭਾਲੋ। ਯੁੱਧ ਨੂੰ ਮਹਾਭਾਰਤ ਵਿੱਚ ਬਦਲਣਾ ਹੀ ਹਾਕਮ ਦੀ ਚਾਲ ਹੈ। ਭਰਾ ਮਾਰੂ ਜੰਗ ਨਾ ਲੜੋ। ਹਰ ਚੀਜ਼ ਦਾ ਮੁੱਲ ਨਾ ਵੱਟੋ, ਜੰਗ ਜ਼ੁਲਮੀ ਦੇ ਨਾਲ ਜ਼ੁਲਮ ਖਿਲਾਫ਼ ਲੜੋ, ਬਿਨ ਮੌਤ ਨਾ ਮਰੋ। ਸਮਾਂ ਤੇ ਲਗਾਮ ਅੰਨ੍ਹੇ ਹੱਥ ਨਾ ਦਵੋ। ਆਪਣੇ ਗਿਰੇਵਾਨ ਵਿੱਚ ਝਾਤੀ ਮਾਰੋ।

## ਬੁੱਧ ਬਾਣ

# ਜ਼ਮੀਰਾਂ ਵਾਲੇ...





ਖ਼ਬਰ ਤੇ ਨਜ਼ਰ- ਖ਼ਬਰ ਹੈ ਕਿ ਡਾ. ਪ੍ਰਭਲੀਨ ਕੌਰ ਨੇ ਚੰਡੀਗੜ੍ਹ ਦੇ ਪ੍ਰਾਈਵੇਟ ਹਸਪਤਾਲ ਵਿੱਚ ਪਹਿਲੇ ਦਿਨ ਹੀ ਨੌਕਰੀ ਛੱਡ ਦਿੱਤੀ ਹੈ ਤੇ ਦਾਅਵਾ ਕਿ ਇਸ ਹਸਪਤਾਲ ਵਿੱਚ ਮਰੀਜ਼ਾਂ ਦੇ ਇਲਾਜ ਦੀ ਬਜਾਏ ਵਪਾਰ ਨੂੰ ਤਰਜੀਹ ਦਿੱਤੀ ਜਾ ਹੈ। ਡਾ.ਪ੍ਰਭਲੀਨ ਕੌਰ ਦੇ ਬੋਲ ਕੋਈ ਨਵੀਂ ਕਹਾਣੀ ਨਹੀਂ ਸੁਣਾਉਂਦੇ, ਇਹ ਤਾਂ ਉਹੀ ਦਰਦ ਹੈ ਜੋ ਸਾਲਾਂ ਤੋਂ ਚੁੱਪ ਦੀ ਚਾਦਰ ਹੇਠਾਂ ਦੱਬਿਆ ਆ ਰਿਹਾ ਸੀ। ਹਾਂ, ਨਵੀਂ ਗੱਲ ਸਿਰਫ਼ ਇਹ ਹੈ ਕਿ ਇਸ ਵਾਰ ਇਹ ਦਰਦ ਇੱਕ ਡਾਕਟਰ ਦੀ ਜ਼ੁਬਾਨ ਰਾਹੀਂ ਬਾਹਰ ਆਇਆ ਹੈ। ਉਸੇ ਪੇਸ਼ੇ ਦੇ ਅੰਦਰੋਂ, ਜਿਸਨੂੰ ਲੋਕ ਰੱਬ ਦਾ ਦਰਜਾ ਦੇ ਬੈਠੇ ਹਨ।

ਉਹ ਪਹਿਲੇ ਹੀ ਦਿਨ ਨੌਕਰੀ 'ਤੇ ਗਈ ਅਤੇ ਸ਼ਾਮ ਤੱਕ ਅਸਤੀਫ਼ਾ ਦੇ ਆਈ। ਇਹ ਕੋਈ ਸਧਾਰਨ ਫ਼ੈਸਲਾ ਨਹੀਂ ਸੀ, ਇਹ ਉਸ ਜ਼ਮੀਰ ਦੀ ਆਵਾਜ਼ ਸੀ ਜੋ ਵਿਕਾਊ ਨਹੀਂ ਸੀ। ਕਿਉਂਕਿ ਉੱਥੇ ਇਲਾਜ ਨਹੀਂ ਸਿਖਾਇਆ ਜਾ ਰਿਹਾ ਸੀ, ਉੱਥੇ ਸੌਦੇਬਾਜ਼ੀ ਦੇ ਨੁਸਖ਼ੇ ਪੜ੍ਹਾਏ ਜਾ ਰਹੇ ਸਨ। ਕਿਵੇਂ ਮਰੀਜ਼ ਨੂੰ ਰੋਕਣਾ ਹੈ, ਕਿਵੇਂ ਡਰ ਨੂੰ ਦਵਾਈ ਬਣਾਉਣਾ ਹੈ, ਕਿਵੇਂ ਆਈਸੀਯੂ ਨੂੰ ਕਮਾਈ ਦਾ ਸਾਧਨ ਬਣਾਉਣਾ ਹੈ।

ਇਹ ਸੁਣਕੇ ਦਿਲ ਕੰਬ ਜਾਂਦਾ ਹੈ ਕਿ ਜਿੱਥੇ ਜ਼ਿੰਦਗੀ ਨੂੰ ਬਚਾਉਣ ਦੀ ਕਸਮ ਖਾਈ ਜਾਂਦੀ ਹੈ, ਓਥੇ ਹੀ ਜ਼ਿੰਦਗੀਆਂ ਦੇ ਹਿਸਾਬ ਕਿਤਾਬ ਲਾਏ ਜਾਂਦੇ ਨੇ। ਕਾਫ਼ੀ ਦੇਰ ਪਹਿਲਾਂ ਮੈਨੂੰ ਮੇਰਾ ਇੱਕ ਮਿੱਤਰ ਜੋ ਲੁਧਿਆਣੇ ਦੇ ਵੱਡੇ ਹਸਪਤਾਲ ਵਿੱਚ ਕੰਮ ਕਰਦਾ ਹੈ ਨੇ ਦੱਸਿਆ ਸੀ ਕਿ ਹਸਪਤਾਲ ਵਿੱਚ ਮਹੀਨੇ ਬਾਅਦ ਡਾਕਟਰਾਂ ਅਤੇ ਹਸਪਤਾਲ ਦੇ ਪ੍ਰਬੰਧਕੀ ਬੋਰਡ ਦੀ ਮੀਟਿੰਗ ਹੁੰਦੀ ਹੈ, ਜਿਸ ਨੂੰ ਡਾਕਟਰ ਨੂੰ ਅਪਰੇਸ਼ਨਾਂ, ਮਰੀਜ਼ਾਂ ਦੇ ਟੈਸਟਾਂ ਦੇ ਅਧਾਰ ਤੇ ਪੈਕਿੰਗ ਦਿੱਤੇ ਜਾਂਦੇ ਹਨ । ਡਾਕਟਰਾਂ ਨੂੰ ਅਜਿਹੇ ਹੀ ਅਗਲੇ ਮਹੀਨੇ ਲਈ ਟਾਰਗਟ ਦਿੱਤੇ ਹਨ ਤਾਂ ਜੋ ਹਸਪਤਾਲ ਦੀ ਇਨਕਮ ਨੂੰ ਇਜਾਫਾ ਹੋ ਸਕੇ।

ਪ੍ਰਭਲੀਨ ਦੇ ਬੋਲਾਂ ਨੇ ਕੁਝ ਦਿਨਾਂ ਲਈ ਚਰਚਾ ਦਾ ਧੂੰਆਂ ਜ਼ਰੂਰ ਖੜਾ ਕੀਤਾ ਹੈ, ਪਰ ਇਹ ਅੱਗ ਨਵੀਂ ਨਹੀਂ। ਇਹ ਉਹੀ ਅੱਗ ਹੈ ਜੋ ਅਨੇਕਾਂ ਘਰਾਂ ਦੇ ਚਿਰਾਗ ਬੁਝਾ ਚੁੱਕੀ ਹੈ। ਇਹ ਜ਼ਖ਼ਮ ਉਹ ਨਹੀਂ ਜੋ ਵਕਤ ਨਾਲ ਸੁੱਕ ਜਾਣ, ਇਹ ਤਾਂ ਹਰ ਨਵੇਂ ਮਰੀਜ਼ ਨਾਲ ਮੁੜ ਹਰਾ ਹੋ ਜਾਂਦਾ ਹੈ।

ਅੱਜ ਬਹੁਤ ਸਾਰੇ ਹਸਪਤਾਲ ਇਲਾਜ ਦੇ ਮੰਦਰ ਨਹੀਂ ਰਹੇ, ਉਹ ਮਜਬੂਰੀ ਦੇ ਕਸਾਈਖਾਨੇ ਬਣ ਗਏ ਹਨ। ਜਿੱਥੇ ਇਨਸਾਨ ਆਪਣੀ ਆਖ਼ਰੀ ਉਮੀਦ ਲੈ ਕੇ ਜਾਂਦਾ ਹੈ, ਪਰ ਵਾਪਸ ਆਉਂਦਾ ਹੈ ਤਾਂ ਖਾਲੀ ਹੱਥ ਹੀ ਨਹੀਂ, ਟੁੱਟਿਆ ਹੋਇਆ ਵੀ ਹੁੰਦਾ ਹੈ। ਪੈਸਾ ਵੀ ਜਾਂਦਾ ਹੈ, ਤੇ ਕਈ ਵਾਰੀ ਆਪਣਾ ਵੀ ਖੋ ਬੈਠਦਾ ਹੈ। ਸਭ ਤੋਂ ਵੱਡੀ ਵਿਡੰਬਨਾ ਇਹ ਹੈ ਕਿ ਨੱਥ ਪਾਉਣ ਵਾਲੇ ਹੀ ਰਲੇ ਹੋਏ ਹਨ । ਜਿਨ੍ਹਾਂ ਨੇ ਰੋਕਣਾ ਸੀ, ਉਹੀ ਚੁੱਪ ਨੇ ਜਾਂ ਸ਼ਾਮਲ ਨੇ। ਹੁਣ ਸਵਾਲ ਇਹ ਨਹੀਂ ਕਿ ਗਲਤ ਕੀ ਹੈ, ਸਵਾਲ ਇਹ ਹੈ ਕਿ ਸਹੀ ਲਈ ਖੜਾ ਕੌਣ ਹੋਵੇਗਾ ?

ਅਖੀਰ 'ਚ ਦਿਲ ਸਿਰਫ਼ ਇਹੀ ਪੁੱਛਦਾ ਹੈ, ਉਲਾਂਭਾ ਦੇਈਏ ਵੀ ਤਾਂ ਕਿਸਨੂੰ ਦੇਈਏ, ਜਦੋਂ ਦਰਦ ਦੇ ਵਪਾਰੀ ਹੀ ਦਰਦ ਦੇ ਹਾਕਮ ਬਣ ਬੈਠੇ ਹੋਣ ?

ਜਗਤਾਰ ਸਿੰਘ ਹਿੱਸੋਵਾਲ







# ਔਰਤ ਦੇ ਸੋਲਾਂ ਸ਼ਿੰਗਾਰ ਤੇ ਮਰਦ ਦੀਆਂ ਸੋਲਾਂ ਕਲਾਵਾਂ



ਸੋਲਾਂ ਸ਼ਿੰਗਾਰ : ਵਟਣਾ ਮਾਲਨਾ, ਇਸ਼ਨਾਨ ਕਰਨਾ, ਸੋਹਣੇ ਕੱਪੜੇ ਪਾਉਣਾ, ਵਾਲ ਸ਼ਿੰਗਾਰਨਾ, ਕੱਜਲ ਪਾਉਣਾ, ਮਾਂਗ ਭਰਨਾ, ਮੱਥੇ ਤੇ ਬਿੰਦੀ, ਮੂੰਹ ਤੇ ਤਿਲ ਦਾ ਨਿਸ਼ਾਨ, ਮਹਿੰਦੀ, ਸੁਗੰਧੀ ਛਿੜਕਣਾ, ਗਹਿਣੇ ਪਹਿਨਣਾ, ਪਾਨ ਦਾ ਬੀੜਾ ਚੱਬਣਾ, ਮਿੱਸੀ ਲਾਉਣਾ (ਦੰਦ ਕਾਲੇ ਕਰਨ ਲਈ), ਪੈਰਾਂ ਤੇ ਮਹਾਵਰ ਲਾਉਣਾ (ਲਾਖ਼ ਤੋਂ ਬਣਿਆ ਲਾਲ ਰੰਗ), ਬੀਰੀ ਪਾਉਣਾ (ਕੰਨਾਂ ਦਾ ਗਹਿਣਾ) ਅਤੇ ਬਿੱਦਾ।

ਸ਼ਿੰਗਾਰ ਕਰਨ ਦੀਆਂ ਸੋਲਾਂ ਵਸਤਾਂ :ਕੂਚੀ, ਧੂੜਾ, ਸਫ਼ੈਦਾ, ਸੰਧੂਰ, ਕੇਸਰ, ਸੁਰਮਾ, ਬਿੰਦੀ, ਤੇਲ, ਇਤਰ, ਮਿੱਸੀ, ਨੀਲ, ਮਹਿੰਦੀ, ਫੁੱਲ, ਕੰਘੀ, ਪਾਨ ਅਤੇ ਲਾਖ; ਸ਼ਿੰਗਾਰ ਕਰਨ ਦੇ ਸੋਲਾਂ ਇਸਤਰੀ ਅੰਗ, ਕੇਸ, ਭਰਵੱਟੇ, ਅੱਖਾਂ ਦੀਆਂ ਪੁਤਲੀਆਂ, ਦੰਦ, ਨਹੁੰ, ਨੱਕ, ਹੋਠ, ਗਰਦਨ, ਲੱਕ, ਗਿੱਟਾ, ਹਿੱਕ (ਛਾਤੀਆਂ ), ਡੌਲੇ, ਪੱਟ, ਪਿੰਜਈ, ਕੁੱਚ (ਨਿੱਪਲ ) ਅਤੇ ਨਿਤੰਬ ( ਹਿਪਸ )

**ਮਰਦ ਦੀਆਂ ਸੋਲਾਂ ਕਲਾਵਾਂ :**

1.ਸ਼੍ਰੀ-ਧਨ ਸੰਪਤੀ : ਜਿਸ ਕੋਲ ਸਥਾਈ ਅਮੀਰੀ ਹੋਵੇ ਅਜਿਹਾ , ਤਨ ਮਨ ਤੇ ਸ਼ਰੀਰ ਦੀ ਤੰਦਰੁਸਤੀ ਨਾਲ ਹੀ ਮੁਮਕਿਨ ਹੋ ਸਕਦਾ ਹੈ।

2. ਜ਼ਮੀਨ : ਜਿਸ ਕੋਲ ਧਰਤੀ ਦੇ ਰਾਜ ਦਾ ਆਨੰਦ ਮਾਣਨ ਦੀ ਸਮਰੱਥਾ ਹੈ ਅਤੇ ਜੋ ਧਰਤੀ ਦੇ ਵੱਡੇ ਹਿੱਸੇ ਦਾ ਮਾਲਕ ਹੈ।

3. ਪ੍ਰਸਿੱਧੀ : ਜਿਸ ਵਿੱਚ ਲੋਕਾਂ ਬਹੁਤ ਹੀ ਵਿਸ਼ਵਾਸ ਹੋਵੇ ਤੇ ਉਹ ਇੱਕ ਪਸੰਦ ਕੀਤੀ ਜਾਂਦੀ ਸਖਸ਼ੀਅਤ ਹੋਵੇ।

4. ਭਾਸ਼ਣ ਦੀ ਲਚਕਤਾ : ਜਿਸ ਦੀ ਆਵਾਜ਼ ਤੇ ਵਿਚਾਰ ਮਨਮੋਹਕ ਹੈ। ਭਾਵ, ਦੂਜਿਆਂ 'ਤੇ ਪ੍ਰਭਾਵ ਪਾਉਣ ਲਈ ਉਹਨੂੰ ਸਿਰਫ ਸੁਣਕੇ ਸਾਹਮਣੇ ਵਾਲੇ ਦਾ ਗੁੱਸਾ ਸ਼ਾਂਤ ਹੋ ਜਾਵੇ ਤੇ ਪਿਆਰ ਅਤੇ ਸ਼ਰਧਾ ਦੀ ਭਾਵਨਾ ਦਿਲ ਨੂੰ ਭਰ ਦਿੰਦੀ ਹੈ।

5. ਲੀਲਾ : ਪੰਜਵੀਂ ਕਲਾ ਦਾ ਨਾਮ ਲੀਲਾ ਹੈ। ਜਿਸਨੂੰ ਸਿਰਫ਼ ਵੇਖ ਕੇ ਉਹਦੀਆਂ ਖੇਡਾਂ ਵਿੱਚ ਖੇਡ ਕੇ ਹੀ ਆਨੰਦ ਆ ਜਾਵੇ।

6. ਕਾਂਤਿ - ਸੁੰਦਰਤਾ ਅਤੇ ਮੋਹਕ ਰੂਪ: ਜਿਸ ਦੇ ਸਰੀਰ ਨੂੰ ਵੇਖ ਕੇ ਮਨ ਆਪਣੇ ਆਪ ਵਿਚ ਆਕਰਸ਼ਿਤ ਹੋ ਜਾਏ, ਤੇ ਦਿਲ ਖਿੜ੍ਹ ਜਾਏ ਅਤੇ ਜਿਸ ਦਾ ਚਿਹਰਾ ਵਾਰ-ਵਾਰ ਦੇਖਣ ਦਾ ਮਨ ਕਰੇ।

7. ਬੁੱਧੀ - ਬੁੱਧੀ : ਸੱਤਵੀਂ ਕਲਾ ਦਾ ਨਾਮ ਵਿਦਿਆ ਹੈ। ਉਹ ਜੋ ਧਰਮ, ਵਿਗਿਆਨ ਤੇ ਬਾਕੀ ਵਿਸ਼ਿਆਂ ਦੇ ਨਾਲ-ਨਾਲ ਯੁੱਧ ਅਤੇ ਸੰਗੀਤ ਕਲਾ, ਰਾਜਨੀਤੀ ਅਤੇ ਕੂਟਨੀਤੀ ਵਿੱਚ ਨਿਪੁੰਨ ਹੈ।

8. ਵਿਮਲਾ-ਸਾਫ਼ ਚਿੱਤ: ਜਿਸ ਦੇ ਮਨ ਵਿੱਚ ਕਿਸੇ ਕਿਸਮ ਦਾ ਕਪਟ ਨਹੀਂ ਹੁੰਦਾ, ਉਹ ਸਾਰਿਆਂ ਨਾਲ ਬਰਾਬਰ ਦਾ ਸਲੂਕ ਕਰਦਾ ਹੋਵੇ।

9. ਪ੍ਰਫੁੱਲਤ-ਪ੍ਰੇਰਣਾ ਦੇਣ ਵਾਲਾ ਅਤੇ ਯੋਜਨਾਬੰਦੀ ਚ ਸੰਪੂਰਨ: ਜੋ ਲੋਕਾਂ ਨੂੰ ਪ੍ਰੇਰਿਤ ਕਰ ਸਕਦਾ ਹੋਵੇ ਅਤੇ ਉਨ੍ਹਾਂ ਨੂੰ ਆਪਣਾ ਕੰਮ ਕਰਨ ਲਈ ਉਤਸ਼ਾਹਿਤ ਕਰ ਸਕਦਾ ਹੋਵੇ ਜਿਸ ਕੋਲ ਇੰਨੀ ਤਾਕਤ ਹੈ ਕਿ ਲੋਕ ਉਸ ਦੇ ਸ਼ਬਦਾਂ ਤੋਂ ਪ੍ਰੇਰਨਾ ਲੈ ਕੇ ਆਪਣੇ ਟੀਚੇ ਨੂੰ ਪੂਰਾ ਕਰ ਸਕਦੇ ਹੋਣ।

10. ਗਿਆਨ- ਤਰਕ ਕਰਨ ਦੀ ਸਮਰੱਥਾ : ਜੋ ਸਮਝਦਾਰ ਤੇ ਤਾਰਕਿਕ ਹੋਵੇ ਹੈ। ਜੋ ਤਰਕ ਕਰਨ ਦੀ ਸਮਰੱਥਾ ਨਾਲ ਨਾਲ ਲੋਕਾਂ ਨੂੰ ਸਹੀ ਗਲਤ ਦੀ ਪਛਾਣ ਕਰਵਾ ਸਕੇ।

11. ਕਾਰਜਕੁਸ਼ਲਤਾ : ਜਿਹੜਾ ਖੁਦ ਵੀ ਕੰਮ ਵਧੀਆ ਢੰਗ ਨਾਲ ਕਰਦਾ ਹੈ, ਤੇ ਲੋਕਾਂ ਨੂੰ ਕੰਮ ਕਰਨ ਦੀ ਪ੍ਰੇਰਨਾ ਵੀ ਦਿੰਦਾ ਹੈ, ਤੇ ਅਗਵਾਈ ਕਰਕੇ ਕਿਸੇ ਨੂੰ ਯੋਜਨਾ ਪੂਰੀ ਟੀਮ ਵਰਕ ਕਰਕੇ ਪੂਰੀ ਕਰ ਸਕਦਾ ਹੈ।

12. ਯੋਗ : ਪਰਮਾਤਮਾ ਦੀ ਭਗਤੀ ਚ ਲੀਨਤਾ: ਜਿਸ ਨੇ ਮਨ ਨੂੰ ਵੱਸ ਵਿਚ ਕਰ ਲਿਆ ਹੈ, ਜਿਸ ਨੇ ਮਨ ਅਤੇ ਆਤਮਾ ਦਾ ਅੰਤਰ ਮਿਟਾ ਦਿੱਤਾ ਹੈ ਅਤੇ ਯੋਗ ਦੀ ਉੱਚੀ ਹੱਦ ਨੂੰ ਪ੍ਰਾਪਤ ਕਰ ਲਿਆ ਹੈ।

13. ਪ੍ਰਹਵੀ - ਅਤਿ ਨਿਮਰਤਾ : ਜੋ ਦਿਆਲੂ ਹੈ ਜਿਸ ਨੂੰ ਹੰਕਾਰ ਨੇ ਛੂਹਿਆ ਵੀ ਨਹੀਂ ਹੈ। ਜੋ ਸਾਰੇ ਵਿਸ਼ਿਆਂ ਵਿੱਚ ਨਿਪੁੰਨ ਹੋਣ ਦੇ ਬਾਵਜੂਦ, ਹੰਕਾਰ ਨਹੀਂ ਕਰਦਾ।

14. ਸੱਚਾਈ : ਜੋ ਸਚਿਆਰ ਹੈ। ਜੋ ਲੋਕ ਹਿੱਤਾਂ ਅਤੇ ਧਰਮ ਦੀ ਖ਼ਾਤਰ ਵੀ ਕੌੜਾ ਸੱਚ ਬੋਲਣ ਤੋਂ ਗੁਰੇਜ਼ ਨਹੀਂ ਕਰਦਾ।

15. ਇਸਨਾ - ਮਨਾਂ ਉੱਤੇ ਕਬਜ਼ਾ ਕਰ ਲੈਣ ਵਾਲਾ : ਜਿਸ ਵਿਚ ਲੋਕਾਂ 'ਤੇ ਆਪਣਾ ਪ੍ਰਭਾਵ ਸਥਾਪਿਤ ਕਰਨ ਦਾ ਗੁਣ ਹੈ। ਲੋੜ ਪੈਣ 'ਤੇ ਲੋਕਾਂ ਨੂੰ ਉਨ੍ਹਾਂ ਦੇ ਪ੍ਰਭਾਵ ਦਾ ਅਹਿਸਾਸ ਕਰਵਾ ਕੇ ਉਨ੍ਹਾਂ ਦੇ ਦ੍ਰਿਸ਼ਟੀਕੋਣ ਨੂੰ ਬਦਲੇ ਅਤੇ ਉਨ੍ਹਾਂ ਦਾ ਭਲਾ ਕਰੇ।

16. ਦਿਆਲੂ ਤੇ ਦਿਆਨਤਦਾਰੀ : ਉਹ ਜੋ ਜਾਣਦਾ ਹੈ ਕਿ ਬਿਨਾਂ ਕਿਸੇ ਲਾਭ ਜਾਂ ਬਦਲੇ ਦੀ ਭਾਵਨਾ ਦੇ ਲੋਕਾਂ ਦਾ ਭਲਾ ਕਿਵੇਂ ਕਰਨਾ ਹੈ. ਜੋ ਕੋਈ ਉਸ ਕੋਲ ਕੋਈ ਇੱਛਾ ਲੈ ਕੇ ਆਉਂਦਾ ਹੈ, ਉਸ ਦੀ ਹਰ ਸੰਭਵ ਮਦਦ ਕਰਦਾ ਹੈ।

ਹਰ ਇਨਸਾਨ ਵਿੱਚ ਇਹਨਾਂ ਸੋਲਾਂ ਕਲਾਵਾਂ ਵਿਚੋਂ ਕੁੱਝ ਨਾ ਕੁੱਝ ( ਸਾਰੀਆਂ ਨਹੀਂ ) ਕਲਾਵਾਂ ਜਰੂਰ ਹੁੰਦੀਆਂ ਹਨ। ਜਿਹੜਾ ਉਹ ਆਪਣੇ ਆਪ ਨੂੰ ਖਿੱਚ ਦਾ ਕੇਂਦਰ ਬਣਾਉਣ ਲਈ ਵਰਤਦਾ ਹੈ।

ਇਹ ਮੰਨਿਆ ਜਾਂਦਾ ਹੈ ਕਿ ਸਿਰਫ਼ "ਅਵਤਾਰ ਪੁਰਸ਼" ਹੀ 16 ਕਲਾਂ ਸੰਪੂਰਨ ਹੋ ਸਕਦੇ ਹਨ ਇਨਸਾਨ ਨਹੀਂ ਤੇ ਪਰਮਾਤਮਾ ਇਹਨਾਂ 16 ਕਲਾਵਾਂ ਤੋਂ ਵੀ ਵੱਧ ਕਲਾਵਾਂ ਤੋਂ ਉੱਪਰ ਹੈ।

ਹਰਜੋਤ ਸਿੰਘ, 70094-52602

# (ਤਾਲੇ)

ਤਾਲਿਆਂ ਦੀ ਵੀ ਬੜੀ ਅਜੀਬ ਦਾਸਤਾਨ ਹੈ। ਇਹ ਮਕਾਨਾਂ ਅਤੇ ਚੀਜ਼ਾਂ ਨੂੰ ਤਾਂ ਲੱਗਦੇ ਹੀ ਹਨ, ਪਰ ਇਹ ਕਦੀ-ਕਦੀ, ਕਿਸੇ-ਕਿਸੇ ਇਨਸਾਨ ਨੂੰ ਵੀ ਮਜਬੂਰੀ ਵੱਸ ਲਾਉਂਣੇ ਪੈਂਦੇ ਹਨ। ਤਾਲੇ (ਜਿੰਦਰੇ) ਲੱਗ ਹੀ ਜਾਂਦੇ ਹਨ, ਕਦੀ ਘਰਾਂ ਨੂੰ, ਕਦੀ ਜ਼ੁਬਾਨਾਂ ਨੂੰ ਤੇ ਕਦੀ ਰੂਹਾਂ ਨੂੰ, ਪਰ ਕਈ ਵਾਰ ਆਪ ਵੀ ਲਾ ਲੈਂਦੇ ਹਾਂ ਇਹ ਤਾਲੇ ! ਕਦੀ ਕਿਸੇ ਡਰ ਕਰਕੇ, ਕਦੀ ਆਪਣਾ ਆਪ ਬਚਾਉਣ ਕਰਕੇ, ਕਦੀ ਆਪਣਾ ਘਰ ਬਚਾਉਣ ਕਰਕੇ। ਜਦੋਂ ਇਹ ਵਕਤ ਸਿਰ ਖੁੱਲ੍ਹਦੇ ਨਹੀਂ ਹਨ, ਤਾਂ ਬਹੁਤ ਨੁਕਸਾਨ ਕਰਦੇ ਹਨ। ਕਦੀ ਰੂਹਾਂ ਨੂੰ ਸ਼ਾਤ ਕਰ ਦਿੰਦੇ ਹਨ, ਕਦੀ ਘਰਾਂ ਨੂੰ ਵੀਰਾਨ ਕਰ ਦਿੰਦੇ ਹਨ ਇਹ ਤਾਲੇ !

ਸਿਆਣੇ ਅਤੇ ਬਜ਼ੁਰਗਾਂ ਦੀ ਅਸੀਂ ਘਰਾਂ ਦੇ ਤਾਲਿਆਂ ਨਾਲ ਤੁਲਨਾ ਕਰਦੇ ਹਾਂ। ਇਹ ਜੀਉਂਦੇ ਜਾਗਦੇ ਤਾਲੇ ਬੜੇ ਕੀਮਤੀ ਹੁੰਦੇ ਹਨ। ਇਹ ਅਮੁੱਲ ਹੁੰਦੇ ਹਨ। ਇਹ ਘਰਾਂ ਦੀਆਂ ਵੀਰਾਨਗੀ ਨੂੰ ਦੂਰ ਕਰਦੇ ਹਨ। ਇਹਨਾਂ ਨੂੰ ਹਰ ਚੰਗੇ ਮਾੜੇ ਦੀ ਪਛਾਣ ਹੁੰਦੀ ਹੈ। ਇਹ ਤਜਰਬਿਆਂ ਵਿੱਚ ਗੜੁੱਚ ਹੁੰਦੇ ਹਨ। ਕਈ ਵਾਰ ਮਜਬੂਰੀ ਵੱਸ ਵੀ ਲਾਉਂਣੇ ਪੈਂਦੇ ਹਨ ਇਹ ਤਾਲੇ। ਕਦੀ ਆਪਣਿਆਂ ਤੋਂ ਬਚਣ ਲਈ ਅਤੇ ਕਦੀ ਆਪਣਿਆਂ ਨੂੰ ਬਚਾਉਣ ਲਈ। ਇਹਨਾਂ ਦੀ ਵਰਤੋਂ ਹਰ ਇੱਕ ਨੇ ਕੀਤੀ ਹੋਵੇਗੀ। ਜਦੋਂ ਤਾਲੇ ਦੀ ਚਾਬੀ ਗਵਾਚ ਜਾਂਦੀ ਹੈ ਤਾਂ ਇਹ ਪ੍ਰੇਸ਼ਾਨ ਵੀ ਬੜਾ ਕਰਦੀ ਹੈ। ਚਾਬੀ ਬਿਨਾਂ ਤਾਲਾ ਬੇਕਾਰ ਲੱਗਦਾ ਹੈ, ਇਵੇਂ ਹੀ ਸਾਡੀ ਰੂਹ ਦੀ ਚਾਬੀ ਰੂਪੀ ਉਹ ਇਨਸਾਨ ਜੋ ਸਾਨੂੰ ਬੜਾ ਅਜ਼ੀਜ਼ ਹੋਵੇ, ਜਦੋਂ ਦੂਰ ਚਲਾ ਜਾਵੇ ਜਾਂ ਛੱਡ ਕੇ ਚਲਾ ਜਾਵੇ, ਤਾਂ ਚਾਬੀ ਬਗ਼ੈਰ ਤਾਲੇ ਵਾਂਗ ਅਸੀਂ ਵੀ ਆਪਣੇ ਆਪ ਨੂੰ ਬੇਕਾਰ ਹੀ ਸਮਝਦੇ ਹਾਂ।

ਉਂਝ ਇਹ ਬੜੇ ਕਮਾਲ ਦੇ ਹੁੰਦੇ ਹਨ, ਕਿਸੇ ਦੀ ਰੱਖਿਆ ਕਰਦੇ ਹਨ ਅਤੇ ਕਿਸੇ ਦੀ ਅਜ਼ਾਦੀ ਖੋਹ ਲੈਂਦੇ ਹਨ। ਕਦੀ-ਕਦੀ ਇਹ ਸਵਾਰਥੀ ਵੀ ਬਣ ਜਾਂਦੇ ਹਨ। ਕੋਰੋਨਾ ਕਾਲ ਸਮੇਂ ਜਦੋਂ ਇਹ ਲੱਗੇ ਸਨ, ਤਾਂ ਇੰਝ ਲੱਗਿਆ ਜਿਵੇਂ ਪੂਰੀ ਦੁਨੀਆਂ ਹੀ ਕੈਦ ਹੋ ਗਈ ਹੋਵੇ। ਫਿਰ ਹੌਲੀ-ਹੌਲੀ ਖੁੱਲ੍ਹੇ ਤਾਂ ਇਨਸਾਨ ਨੇ ਸੁੱਖ ਦਾ ਸਾਹ ਲਿਆ।

ਕਈਆਂ ਦੇ ਪਿਆਰੇ ਤੁਰ ਗਏ, ਪਿੱਛੇ ਕੱਲੇ ਕਾਰੇ ਰਹਿ ਗਏ, ਕੋਈ ਆਪਣਾ ਆਖ਼ਰੀ ਵਕਤ ਸਿਵਿਆਂ ਤੱਕ ਪਹੁੰਚ ਹੀ ਨਾ ਸਕਿਆ। ਤਾਲਿਆਂ ਨੇ ਜੋ ਰੋਕ ਰੱਖਿਆ ਸੀ ! ਸਿਮਟ ਕੇ ਰਹਿ ਗਈ ਸੀ ਜ਼ਿੰਦਗੀ ! ਜਿਵੇਂ ਅੱਧੀ- ਅਧੂਰੀ ਹੋਵੇ, ਤੜਫਦੀ, ਵਿਲਕਦੀ, ਚੁੱਪ, ਗੁੰਮ, ਵੀਰਾਨ ਜਹੀ ਹੋ ਗਈ ਹੋਵੇ ਇਹ ਜ਼ਿੰਦਗੀ !

ਇਹਨਾਂ ਦੇ ਬਿੰਨਾਂ ਸਾਡਾ ਸਰਦਾ ਵੀ ਨਹੀਂ ਹੈ। ਘਰਾਂ ਨੂੰ ਲਾਉਣੇ ਪੈਂਦੇ ਹਨ। ਦੂਰ ਦੁਰਾਡੇ ਨੌਕਰੀ ਕਰਨ ਸਮੇਂ, ਕਾਰੋਬਾਰ ਕਰਨ ਸਮੇਂ, ਕਿਸੇ ਆਪਣੇ ਨੂੰ ਮਿਲਣ ਗਿਲਣ ਲਈ ਤਾਂ ਜਾਣਾ ਹੀ ਪੈਂਦਾ ਹੈ। ਉਸ ਵਕਤ ਵੀ ਸਾਡੀਆਂ ਕੀਮਤੀ ਚੀਜ਼ਾਂ ਦੀ ਰਾਖ਼ੀ ਤਾਂ ਕਰਦੇ ਹੀ ਹਨ ਇਹ ਤਾਲੇ। ਜਦੋਂ ਕੋਈ ਇਹਨਾਂ ਨੂੰ ਤੋੜ ਕੇ ਸਾਡਾ ਕੀਮਤੀ ਸਰਮਾਇਆ ਲੈ ਜਾਂਦਾ ਹੈ, ਤਾਂ ਮਗਰੋਂ ਕਿੰਨਾਂ ਚਿਰ ਵਿਗੋਚੇ ਵਿੱਚ ਗਵਾਚੇ ਰਹਿੰਦੇ ਹਾਂ। ਸਾਲਾਂ ਦੀ ਮਿਹਨਤ ਝੱਟਕੇ ਵਿੱਚ ਤਬਾਹ ਹੋ ਜਾਂਦੀ ਹੈ। ਘਰਾਂ ਦੇ ਤਾਲੇ ਤੋੜਨ ਨਾਲੋਂ ਜਿੰਦਾਂ ਨੂੰ ਲੱਗੇ ਤਾਲੇ ਤੋੜਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਤਾਂ ਕਿ ਕਿਸੇ ਦੀ ਕੀਮਤੀ ਜ਼ਿੰਦਗੀ ਨੂੰ ਮਾਨਸਿਕ ਪ੍ਰੇਸ਼ਾਨੀ ਤੋਂ ਬਚਾਇਆ ਜਾ ਸਕੇ। ਕਿਸੇ ਦੇ ਚਿਹਰੇ 'ਤੇ ਮੁਸਕਰਾਹਟ ਲਿਆਂਦੀ ਜਾ ਸਕੇ। ਦੋ ਪਲ ਦੀ ਖੁਸ਼ੀ ਕਿਸੇ ਨੂੰ ਦੇਖ ਕੇ ਤਾਂ ਵੇਖੋ, ਇਵੇਂ ਮਹਿਸੂਸ ਹੋਵੇਗਾ ਜਿਵੇਂ ਰੂਹ ਨੂੰ ਸਕੂਨ ਮਿਲ ਗਿਆ ਹੋਵੇ। ਸਾਰੀ ਦੁਨੀਆਂ ਭਰੀ ਹੋਈ ਅਤੇ ਨਰੋਈ ਲੱਗੇਗੀ। ਆਪਣਾ ਆਪ ਹੌਲਾ ਫੁੱਲ ਮਹਿਸੂਸ ਹੋਵੇਗਾ।

ਜਿੰਦ ਦੇ ਤਾਲੇ ਖੋਲ੍ਹ ਕੇ ਜਦੋਂ ਕੋਈ ਵਿਅਕਤੀ ਚਲਾ ਜਾਵੇ, ਤਾਂ ਇਹ ਬੁੱਤ ਫਿਰ ਬੇਜਾਨ ਜਿਹਾ ਬਣ ਕੇ ਰਹਿ ਜਾਂਦਾ ਹੈ। ਆਪਣੇ ਪਿਆਰੇ ਦੇ ਦੂਰ ਚਲੇ ਜਾਣ 'ਤੇ ਵੀ ਰੂਹ ਉਦਾਸ ਹੋ ਜਾਂਦੀ ਹੈ। ਕਈਆਂ ਦੇ ਸਾਹ ਤਾਂ ਚਲਦੇ ਹਨ,ਪਰ ਬੁੱਤ ਸੱਖਣੇ ਹੀ ਰਹਿ ਜਾਂਦੇ ਹਨ। ਉਮਰਾਂ ਤਾਂ ਬੀਤਦੀਆਂ ਹਨ, ਪਰ ਰੀਝਾਂ ਤੋਂ ਕੋਰੀਆਂ ਰਹਿ ਜਾਂਦੀਆਂ ਹਨ। ਇਹ ਜਿੰਦ ਦੇ ਤਾਲੇ ਖਾਮੋਸ਼ ਕਰ ਦਿੰਦੇ ਹਨ। ਕਈਆਂ ਦੀ ਜ਼ਿੰਦਗੀ ਬਣਾ ਦਿੰਦੇ ਹਨ ਅਤੇ ਕਈਆਂ ਨੂੰ ਮਾਨਸਿਕ ਤੌਰ 'ਤੇ ਬਿਮਾਰ ਕਰ ਦਿੰਦੇ ਹਨ। ਉਹਨਾਂ ਦੀ ਸਾਰੀ ਜ਼ਿੰਦਗੀ ਗੁੰਮਨਾਮੀ ਦੇ ਹਨ੍ਹੇਰੇ ਵਿਚ ਲੰਘ ਜਾਂਦੀ ਹੈ।

ਇਹਨਾਂ ਦੀ ਕੀਮਤ ਵੀ ਵੱਖੋ-ਵੱਖ ਹੁੰਦੀ ਹੈ। ਇਹ ਬੜੇ ਮੁੱਲਵਾਨ ਵੀ ਹੁੰਦੇ ਹਨ ਅਤੇ ਆਮ ਲੋਕਾਂ ਦੀ ਲੋੜ ਅਨੁਸਾਰ ਘੱਟ ਮੁੱਲ ਵਾਲੇ ਵੀ ਹੁੰਦੇ ਹਨ। ਇਹਨਾਂ ਦੀ ਕੀਮਤ ਵੀ ਇਹਨਾਂ ਦੇ ਰੁਤਬੇ ਦੇ ਹਿਸਾਬ ਨਾਲ ਹੁੰਦੀ ਹੈ। ਅਮੀਰਾਂ ਲਈ ਮੁੱਲਵਾਨ ਅਤੇ ਗ਼ਰੀਬਾਂ ਲਈ ਸਸਤੀ ਹੁੰਦੀ ਹੈ। ਹੁਣ ਜਦੋਂ ਦੇਸ਼ਾਂ ਵਿੱਚ ਲੱਗੇ ਸਰਹੱਦਾਂ ਰੂਪੀ ਤਾਲੇ ਟੁੱਟਦੇ ਹਨ ਤਾਂ ਸਭ ਕੁਝ ਤਬਾਹ ਕਰ ਦਿੰਦੇ ਹਨ। ਆਮ ਲੋਕਾਂ ਦੇ ਘਰ ਤਬਾਹ ਹੋ ਜਾਂਦੇ ਹਨ। ਜੀਵਨ ਬੇਗਾਨੇ ਦੇਸ਼ਾਂ ਵਿੱਚ ਪਨਾਹ ਲੈਣ ਲਈ ਇੱਧਰ ਉੱਧਰ ਵਿਲਕਦਾ ਫਿਰਦਾ ਹੈ। ਇਨਸਾਨ ਦਾ ਕੋਝਾ ਰੂਪ ਸਾਹਮਣੇ ਆਉਂਦਾ ਹੈ। ਚਲਦੇ ਫਿਰਦੇ ਬੁੱਤਾਂ ਨੂੰ ਸਕਿੰਟਾਂ ਵਿਚ ਸਦਾ ਲਈ ਤਾਲੇ ਲੱਗ ਜਾਂਦੇ ਹਨ। ਕੁਝ ਸਦਾ ਲਈ ਅਪਾਹਜ ਹੋ ਜਾਂਦੇ ਹਨ। ਇਹ ਤਾਲੇ ਵੀ ਬੜੇ ਅਜੀਬ ਹੁੰਦੇ ਹਨ ਦੋਸਤੋ ! ਪਤਾ ਨਹੀਂ ਕਦੋਂ, ਕਿੱਥੇ ਅਤੇ ਕਿਵੇਂ ਲੱਗ ਜਾਂਦੇ ਹਨ?

(ਪਰਵੀਨ ਕੌਰ ਸਿੱਧੂ)

# ਗੈਂਗਸਟਰਾਂ ਦੇ ਹੌਂਸਲੇ ਇੰਨੇ ਵਧ ਗਏ ਕਿ ਚੰਡੀਗੜ੍ਹ ਵਰਗੇ ਸੁਰੱਖਿਅਤ ਇਲਾਕਿਆਂ 'ਚ ਵੀ ਗ੍ਰਨੇਡ ਸੁੱਟ ਰਹੇ: ਬਿੱਟੂ



ਚੰਡੀਗੜ੍ਹ: ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਅੱਜ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨਾਲ ਅਹਿਮ ਮੁਲਾਕਾਤ ਕੀਤੀ। ਇਸ ਦੌਰਾਨ ਉਨ੍ਹਾਂ ਨੇ ਸੂਬੇ ਦੀ ਅਮਨ-ਕਾਨੂੰਨ ਦੀ ਸਥਿਤੀ ਅਤੇ ਹੋਰ ਕਈ ਅਹਿਮ ਮੁੱਦਿਆਂ 'ਤੇ ਚਰਚਾ ਕੀਤੀ। ਮੁਲਾਕਾਤ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਵਨੀਤ ਬਿੱਟੂ ਨੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਤਿੱਖੇ ਸਿਆਸੀ ਹਮਲੇ ਕੀਤੇ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ 28 ਗੈਂਗਸਟਰਾਂ ਦੀ ਸੂਚੀ ਜਾਰੀ ਕਰਨ ਲਈ ਦਿੱਤੇ ਗਏ ਇਸ਼ਤਿਹਾਰ ਉੱਪਰ ਮੁੱਖ ਮੰਤਰੀ ਨੇ ਆਪਣੀ ਫੋਟੋ ਲਗਾਈ ਹੈ, ਜੋ ਕਿ ਬਹੁਤ ਹੀ ਹੈਰਾਨੀਜਨਕ ਹੈ। ਬਿੱਟੂ ਨੇ ਸਵਾਲ ਖੜ੍ਹਾ ਕਰਦਿਆਂ ਕਿਹਾ, "ਕੀ ਮੁੱਖ ਮੰਤਰੀ ਪੰਜਾਬ ਦੇ ਲੋਕਾਂ ਨੂੰ ਇਹ ਕਹਿ ਕੇ ਡਰਾਉਣਾ ਚਾਹੁੰਦੇ ਹਨ ਕਿ ਇਹ ਸਾਰੇ ਗੈਂਗਸਟਰ ਉਨ੍ਹਾਂ ਦੇ ਨਾਲ ਹਨ? ਅਜਿਹੇ ਇਸ਼ਤਿਹਾਰਾਂ ਨਾਲ ਜਨਤਾ ਵਿੱਚ ਸੁਰੱਖਿਆ ਦੀ ਭਾਵਨਾ ਪੈਦਾ ਹੋਣ ਦੀ ਬਜਾਏ ਡਰ ਦਾ ਮਾਹੌਲ ਬਣ ਰਿਹਾ ਹੈ।"

ਬਿੱਟੂ ਨੇ ਕਿਹਾ ਇਸ ਮੁੱਦੇ 'ਤੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਵੀ ਗੰਭੀਰ ਚਿੰਤਾ ਪ੍ਰਗਟਾਈ ਹੈ। ਬਿੱਟੂ ਨੇ ਅਮਨ-ਕਾਨੂੰਨ 'ਤੇ ਚਿੰਤਾ ਜਤਾਉਂਦਿਆਂ ਕਿਹਾ ਕਿ ਹੁਣ ਗੈਂਗਸਟਰਾਂ ਦੇ ਹੌਸਲੇ ਇੰਨੇ ਵਧ ਗਏ ਹਨ ਕਿ ਉਹ ਚੰਡੀਗੜ੍ਹ ਵਰਗੇ ਸੁਰੱਖਿਅਤ ਇਲਾਕਿਆਂ ਵਿੱਚ ਵੀ ਗ੍ਰਨੇਡ ਸੁੱਟਣ ਵਰਗੀਆਂ ਵਾਰਦਾਤਾਂ ਕਰ ਰਹੇ ਹਨ। ਦੱਸਿਆ ਜਾ ਰਿਹਾ ਹੈ ਕਿ ਰਾਜਪਾਲ ਇਸ ਸਾਰੇ ਮਾਮਲੇ ਸਬੰਧੀ ਇੱਕ ਵਿਸਥਾਰਤ ਰਿਪੋਰਟ ਦੇਸ਼ ਦੇ ਗ੍ਰਹਿ ਮੰਤਰੀ ਨੂੰ ਭੇਜਣਗੇ। ਮੁਲਾਕਾਤ ਦੌਰਾਨ ਜਿੱਥੇ ਪੰਜਾਬ ਵਿੱਚ ਰੇਲਵੇ ਦੇ ਚੱਲ ਰਹੇ ਵਿਕਾਸ ਪ੍ਰੋਜੈਕਟਾਂ ਬਾਰੇ ਗੱਲਬਾਤ ਹੋਈ, ਉੱਥੇ ਹੀ ਰਵਨੀਤ ਬਿੱਟੂ ਨੇ ਵਰਿੰਦਾਵਨ ਵਿਖੇ ਵਾਪਰੇ ਮੰਦਭਾਗੇ ਹਾਦਸੇ 'ਤੇ ਵੀ ਡੂੰਘੇ ਦੁੱਖ ਅਤੇ ਚਿੰਤਾ ਦਾ ਪ੍ਰਗਟਾਵਾ ਕੀਤਾ।

# ਅਫ਼ਗ਼ਾਨਿਸਤਾਨ 'ਚ ਹੜ੍ਹਾਂ ਤੇ ਮੀਂਹ ਕਾਰਨ 110 ਦੀ ਮੌਤ

## 160 ਹੋਰ ਜ਼ਖ਼ਮੀ ਤੇ ਸੱਤ ਲੋਕ ਅਜੇ ਵੀ ਲਾਪਤਾ



ਕਾਬੁਲ: ਅਫ਼ਗ਼ਾਨਿਸਤਾਨ ’ਚ ਪਿਛਲੇ ਦੋ ਹਫ਼ਤਿਆਂ ਤੋਂ ਪੈ ਰਹੇ ਭਾਰੀ ਮੌਸਮੀ ਮੀਂਹ ਤੇ ਉਸ ਤੋਂ ਬਾਅਦ ਆਏ ਹੜ੍ਹਾਂ ਨੇ ਭਾਰੀ ਤਬਾਹੀ ਮਚਾਈ ਹੈ। ਸੰਯੁਕਤ ਰਾਸ਼ਟਰ ਅਨੁਸਾਰ 26 ਮਾਰਚ ਤੋਂ 6 ਅਪ੍ਰੈਲ ਦਰਮਿਆਨ ਆਈ ਇਸ ਕੁਦਰਤੀ ਆਫ਼ਤ ਨੇ ਦੇਸ਼ ਦੇ ਕਈ ਸੂਬਿਆਂ ਵਿਚ ਸੈਂਕੜੇ ਪਿੰਡਾਂ ਨੂੰ ਅਪਣੀ ਲਪੇਟ ਵਿਚ ਲੈ ਲਿਆ ਹੈ, ਜਿਸ ਨਾਲ 73,000 ਤੋਂ ਵੱਧ ਲੋਕ ਪ੍ਰਭਾਵਿਤ ਹੋਏ ਹਨ। ਅਧਿਕਾਰੀਆਂ ਵਲੋਂ ਦਿਤੀ ਗਈ ਜਾਣਕਾਰੀ ਅਨੁਸਾਰ ਪਿਛਲੇ 12 ਦਿਨਾਂ ’ਚ ਭਾਰੀ ਮੀਂਹ, ਹੜ੍ਹਾਂ, ਜ਼ਮੀਨ ਖਿਸਕਣ ਤੇ ਆਸਮਾਨੀ ਬਿਜਲੀ ਡਿੱਗਣ ਕਾਰਨ ਘੱਟੋ-ਘੱਟ 110 ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ 160 ਹੋਰ ਜ਼ਖ਼ਮੀ ਹੋਏ ਹਨ। ਸੱਤ ਲੋਕ ਅਜੇ ਵੀ ਲਾਪਤਾ ਦੱਸੇ ਜਾ ਰਹੇ ਹਨ।

ਖੋਸਤ ਸੂਬੇ ’ਚ ਇਕ ਕੰਧ ਡਿੱਗਣ ਕਾਰਨ ਤਿੰਨ ਔਰਤਾਂ ਦੀ ਮੌਤ ਹੋ ਗਈ, ਜਦਕਿ ਨੰਗਰਹਾਰ ਸੂਬੇ ’ਚ ਛੱਤਾਂ ਡਿੱਗਣ ਕਾਰਨ 10 ਲੋਕਾਂ ਦੀ ਜਾਨ ਚਲੀ ਗਈ। ਹੜ੍ਹਾਂ ਕਾਰਨ ਰਿਹਾਇਸ਼ੀ ਇਮਾਰਤਾਂ ਅਤੇ ਖੇਤੀਬਾੜੀ ਨੂੰ ਵੀ ਭਾਰੀ ਨੁਕਸਾਨ ਪਹੁੰਚਿਆ ਹੈ। ਲਗਭਗ 958 ਘਰ ਪੂਰੀ ਤਰ੍ਹਾਂ ਤਬਾਹ ਹੋ ਗਏ ਹਨ ਤੇ 4155 ਘਰਾਂ ਨੂੰ ਅੰਸ਼ਕ ਤੌਰ ’ਤੇ ਨੁਕਸਾਨ ਪਹੁੰਚਿਆ ਹੈ, ਜਿਸ ਕਾਰਨ ਹਜ਼ਾਰਾਂ ਪਰਿਵਾਰ ਬੇਘਰ ਹੋ ਗਏ ਹਨ। 15,500 ਏਕੜ ਤੋਂ ਵੱਧ ਵਾਹੀਯੋਗ ਜ਼ਮੀਨ ਬਰਬਾਦ ਹੋ ਗਈ ਹੈ ਤੇ 500 ਤੋਂ ਵੱਧ ਪਸ਼ੂ ਮਾਰੇ ਗਏ ਹਨ, ਜਿਸ ਨਾਲ ਖੇਤਰ ’ਚ ਭੋਜਨ ਸੁਰੱਖਿਆ ਨੂੰ ਲੈ ਕੇ ਗੰਭੀਰ ਚਿੰਤਾਵਾਂ ਪੈਦਾ ਹੋ ਗਈਆਂ ਹਨ।

325 ਕਿਲੋਮੀਟਰ ਤੋਂ ਵੱਧ ਸੜਕਾਂ, ਵਪਾਰਕ ਅਦਾਰੇ, ਸਿੰਚਾਈ ਨਹਿਰਾਂ ਅਤੇ ਪੀਣ ਵਾਲੇ ਪਾਣੀ ਦੇ ਖੂਹ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ। ਸਥਾਨਕ ਅਧਿਕਾਰੀਆਂ ਅਤੇ ਮੌਸਮ ਵਿਭਾਗ ਨੇ ਆਉਣ ਵਾਲੇ ਦਿਨਾਂ ਵਿਚ ਹੋਰ ਭਾਰੀ ਮੀਂਹ ਦੀ ਭਵਿੱਖਬਾਣੀ ਕੀਤੀ ਹੈ। ਇਸ ਨਾਲ ਮਰਨ ਵਾਲਿਆਂ ਦੀ ਗਿਣਤੀ ਵਧਣ ਅਤੇ ਤਬਾਹੀ ਦੇ ਹੋਰ ਫੈਲਣ ਦਾ ਡਰ ਬਣਿਆ ਹੋਇਆ ਹੈ। ਪ੍ਰਭਾਵਿਤ ਖੇਤਰਾਂ ਵਿਚ ਹਜ਼ਾਰਾਂ ਪਰਵਾਰਾਂ ਨੂੰ ਤੁਰਤ ਰਿਹਾਇਸ਼ ਅਤੇ ਸਹਾਇਤਾ ਦੀ ਲੋੜ ਹੈ।

# ਵ੍ਰਿੰਦਾਵਨ ਹਾਦਸੇ ‘ਚ 10 ਲੋਕਾਂ ਦੀ ਮੌਤ

## ਲੁਧਿਆਣਾ-ਜਗਰਾਉਂ ਪਹੁੰਚੀਆਂ ਮ੍ਰਿਤਕ ਦੇਹਾਂ, ਰੋਂਦੇ ਹੋਏ ਦਿੱਤੀ ਅੰਤਿਮ ਵਿਦਾਈ



ਮਥੁਰਾ ‘ਚ ਕਿਸ਼ਤੀ ਹਾਦਸੇ ‘ਚ ਮਾਰੇ ਗਏ 5 ਲੋਕਾਂ ਦੀਆਂ ਲਾਸ਼ਾਂ ਜਗਰਾਉਂ ਲਿਆਂਦੀਆਂ ਗਈਆਂ ਹਨ। ਹਾਦਸੇ ਵਿੱਚ ਜਗਰਾਉਂ ਵਾਸੀ ਈਸ਼ਾਨ ਕਟਾਰੀਆ, ਕਪੂਰ ਕਲੋਨੀ ਕੱਚਾ ਮਲਕ ਰੋਡ, ਮਧੁਰ ਬਹਿਲ ਅਤੇ ਮਾਤਾ ਕਵਿਤਾ ਰਾਣੀ, ਗੀਤਾ ਕਲੋਨੀ, ਚਰਨਜੀਤ ਸਿੰਘ ਕਾਲਾ ਅਤੇ ਉਸ ਦੀ ਪਤਨੀ ਸ਼ਾਮਿਲ ਹਨ। ਮ੍ਰਿਤਕਾਂ ਦੇ ਘਰਾਂ ਵਿੱਚ ਮਾਤਮ ਛਾਇਆ ਹੋਇਆ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਜਗਰਾਉਂ ਪਹੁੰਚ ਕੇ ਮ੍ਰਿਤਕਾਂ ਨੂੰ ਸ਼ਰਧਾਂਜਲੀ ਦਿੱਤੀ। ਲੁਧਿਆਣਾ ਤੋਂ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਪਤਨੀ ਨੇ ਵੀ ਮ੍ਰਿਤਕ ਨੂੰ ਸ਼ਰਧਾਂਜਲੀ ਦਿੱਤੀ।

ਲੁਧਿਆਣਾ ਦੀ ਮੀਨੂੰ ਦੀ ਵ੍ਰਿਦਾਵਨ ਵਿੱਚ ਯਮੁਨਾ ਨਦੀ ਵਿੱਚ ਇੱਕ ਕਿਸ਼ਤੀ ਪਲਟਣ ਕਾਰਨ ਮੌਤ ਹੋ ਗਈ। ਅੱਜ ਉਨ੍ਹਾਂ ਦਾ ਅੰਤਿਮ ਸਸਕਾਰ ਕਰ ਦਿੱਤਾ ਗਿਆ ਹੈ। ਇਸ ਦੌਰਾਨ ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਦੇ ਲੋਕ ਹਾਜ਼ਿਰ ਸਨ। ਸਾਰਿਆਂ ਨੇ ਨਮ ਅੱਖਾਂ ਨਾਲ ਮੀਨੂੰ ਨੂੰ ਅੰਤਿਮ ਵਿਦਾਈ ਦਿੱਤੀ ਹੈ। ਦਰਅਸਲ, ਵੀਰਵਾਰ 9 ਅਪ੍ਰੈਲ ਨੂੰ ਜਗਰਾਓਂ ਦੇ ਸ੍ਰੀ ਬਾਂਕੇ ਬਿਹਾਰੀ ਕਲੱਬ ਵੱਲੋਂ 2 ਬੱਸਾਂ ਵਿੱਚ ਕਰੀਬ 130 ਸ਼ਰਧਾਲੂ ਵ੍ਰਿਦਾਵਨ ਯਾਤਰਾ ਲਈ ਗਏ ਸਨ। ਇਨ੍ਹਾਂ ਵਿੱਚ ਕਰੀਬ 90 ਸ਼ਰਧਾਲੂ ਜਗਰਾਓਂ ਤੋਂ ਸਨ। ਜਦੋਂ ਕਿ ਬਾਕਿ ਹੋਰ ਸ਼ਹਿਰਾਂ ਤੋਂ ਸ਼ਾਮਲ ਹੋਏ ਸਨ। ਇਹ ਚਾਰ ਦਿਨਾਂ ਦੀ ਧਾਰਮਿਕ ਯਾਤਰਾ ‘ਤੇ ਸਨ ਅਤੇ ਬਾਂਕੇ ਬਿਹਾਰੀ ਦਰਸ਼ਨ ਕਰਨ ਗਏ ਸਨ। ਪਰ ਵ੍ਰਿਦਾਵਨ ਵਿੱਚ ਕਿਸ਼ਤੀ ਪਲਟਨ ਕਾਰਨ 7 ਲੋਕਾਂ ਦੀ ਮੌਤ ਹੋ ਗਈ।

# ਸ਼ਿਮਲਾ 'ਚ ਸਿੱਖ ਭਾਈਚਾਰੇ 'ਚ ਪੈਦਾ ਹੋਈ ਖਿੱਚੋਤਾਣ

## ਸ਼ਿਮਲਾ ਦੇ ਸੰਜੌਲੀ ਗੁਰਦੁਆਰਾ ਕਮੇਟੀ ਦੀ ਚੋਣ ਦਾ ਵਿਵਾਦ



ਸ਼ਿਮਲਾ: ਸੰਜੌਲੀ ਗੁਰਦੁਆਰਾ ਕਮੇਟੀ ਚੋਣਾਂ ਨੂੰ ਲੈ ਕੇ ਦੋ ਸਿੱਖ ਸੰਗਠਨ ਆਪਸ ਵਿੱਚ ਉਲਝੇ ਹੋਏ ਹਨ, ਜਿਸ ਵਿੱਚ ਸਰਗਰਮ ਕਮੇਟੀ ਨੂੰ ਮਨਮਾਨੀ ਅਤੇ ਫੰਡਾਂ ਦੀ ਦੁਰਵਰਤੋਂ ਦੇ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸ਼ਿਮਲਾ ਵਿੱਚ ਸੰਜੌਲੀ ਗੁਰਦੁਆਰਾ ਕਮੇਟੀ ਦੀਆਂ ਚੋਣਾਂ ਨੂੰ ਲੈ ਕੇ ਦੋ ਸਿੱਖ ਸੰਗਠਨਾਂ ਵਿੱਚ ਟਕਰਾਅ ਹੋਇਆ ਹੈ। ਕਾਰਜਕਾਰੀ ਕਮੇਟੀ ਦੇ ਮੈਂਬਰਾਂ ਨੇ ਸ਼ਿਮਲਾ ਵਿੱਚ ਇੱਕ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਕਿ ਸੰਜੌਲੀ ਗੁਰਦੁਆਰਾ ਸਾਹਿਬ ਵਿੱਚ ਚੋਣਾਂ ਨਿਯਮਾਂ ਅਨੁਸਾਰ ਨਹੀਂ ਹੋ ਰਹੀਆਂ। ਸ਼ਿਮਲਾ ਦੇ ਐਸਡੀਐਮ, ਸ਼ਿਮਲਾ ਡੀਸੀ ਅਤੇ ਸ਼ਿਮਲਾ ਦੇ ਐਸਪੀ ਨੂੰ ਕਈ ਵਾਰ ਲਿਖਤੀ ਸ਼ਿਕਾਇਤਾਂ ਦਿੱਤੀਆਂ ਗਈਆਂ ਹਨ, ਪਰ ਰਾਜਨੀਤਿਕ ਦਬਾਅ ਕਾਰਨ ਮਾਮਲੇ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ ਹੈ। ਹੁਣ, ਇਨਸਾਫ਼ ਦੀ ਮੰਗ ਲਈ ਕੋਆਪਰੇਟਿਵ ਸੋਸਾਇਟੀ ਅਤੇ ਹਾਈ ਕੋਰਟ ਵਿੱਚ ਸ਼ਿਕਾਇਤਾਂ ਦਾਇਰ ਕੀਤੀਆਂ ਗਈਆਂ ਹਨ।

ਕਾਰਜਕਾਰੀ ਕਮੇਟੀ ਦੇ ਮੈਂਬਰਾਂ ਨੇ ਕਿਹਾ ਕਿ ਪਿਛਲੀ ਕਮੇਟੀ ਦੇ ਮੈਂਬਰਾਂ ਨੇ ਵੀ ਗੁਰਦੁਆਰੇ ਦੇ ਫੰਡਾਂ ਦੀ ਦੁਰਵਰਤੋਂ ਕੀਤੀ। ਪਿਛਲੇ ਸੀਸੀਟੀਵੀ ਕੈਮਰੇ ਹਟਾ ਦਿੱਤੇ ਗਏ ਸਨ ਅਤੇ ਨਵੇਂ ਲਗਾਏ ਗਏ ਸਨ। ਸੰਗਮਰਮਰ ਦੇ ਫਰਸ਼ ਉੱਤੇ ਨਵੀਆਂ ਟਾਈਲਾਂ ਵੀ ਲਗਾਈਆਂ ਗਈਆਂ ਸਨ, ਜੋ ਕਿ ਬੇਲੋੜੀਆਂ ਸਨ। ਸੰਗਤ ਦੇ ਪੈਸੇ ਨੂੰ ਲੋੜਵੰਦ ਲੋਕਾਂ ਦੀ ਸੇਵਾ ਲਈ ਵਰਤਿਆ ਜਾ ਸਕਦਾ ਹੈ ਪਰ ਇੱਥੇ ਕਾਰਜਕਾਰੀ ਕਮੇਟੀ ਨੇ ਇਸ ਨੂੰ ਕਿਤੇ ਹੋਰ ਵਰਤਿਆ ਹੈ ਜੋ ਨਿਯਮਾਂ ਦੇ ਵਿਰੁੱਧ ਹੈ।

ਗੁਰਦੁਆਰੇ ਦੀ ਵਰਕਿੰਗ ਕਮੇਟੀ ਨੇ ਕਿਹਾ ਸੀ ਕਿ ਨਿਰਪੱਖ ਚੋਣਾਂ ਹੋਣਗੀਆਂ ਪਰ ਸੰਜੌਲੀ ਸੰਗਤ ਗੁਰਦੁਆਰੇ ਦੇ ਕੁਝ ਲੋਕ ਇਸ ਦਾ ਵਿਰੋਧ ਕਰ ਰਹੇ ਹਨ ਅਤੇ ਆਪਣੀ ਮਰਜ਼ੀ ਅਨੁਸਾਰ ਕਰ ਰਹੇ ਹਨ। ਅਜਿਹੀ ਸਥਿਤੀ ਵਿੱਚ, ਹੁਣ ਸਾਨੂੰ ਹਾਈ ਕੋਰਟ ਦਾ ਦਰਵਾਜ਼ਾ ਖੜਕਾਉਣਾ ਪਿਆ। ਪਿਛਲੇ 6 ਸਾਲਾਂ ਤੋਂ ਸੰਗਤ ਨੂੰ ਉੱਥੇ ਆਉਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਰਹੀ ਹੈ ਅਤੇ ਉਹ ਆਪਣੀ ਮਰਜ਼ੀ ਅਨੁਸਾਰ ਕਰ ਰਹੇ ਹਨ। ਹਰ ਦੋ ਸਾਲਾਂ ਬਾਅਦ ਚੋਣਾਂ ਕਰਵਾਉਣ ਦਾ ਨਿਯਮ ਹੈ, ਪਰ ਅੱਜ ਤੱਕ ਨਾ ਤਾਂ ਕੋਈ ਮੀਟਿੰਗ ਹੋਈ ਹੈ ਅਤੇ ਨਾ ਹੀ ਕੋਈ ਜਨਰਲ ਹਾਊਸ ਹੋਇਆ ਹੈ।

# ‘ਹੁਣ ਅਗਲਾ ਨਿਸ਼ਾਨਾ ਮੰਗਲ ਗ੍ਰਹਿ’, ਨਾਸਾ ਦੇ ਆਰਟੇਮਿਸ-2 ਮਿਸ਼ਨ ਦੀ ਸਫ਼ਲਤਾ ਤੋਂ ਬਾਅਦ ਰਾਸ਼ਟਰਪਤੀ ਟਰੰਪ ਦਾ ਵੱਡਾ ਐਲਾਨ



ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਰਟੇਮਿਸ-2 ਮਿਸ਼ਨ ਦੀ ਸਫਲਤਾਪੂਰਵਕ ਵਾਪਸੀ ਤੋਂ ਬਾਅਦ ਇੱਕ ਵੱਡਾ ਅਤੇ ਉਤਸ਼ਾਹੀ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਹੁਣ ਅਮਰੀਕਾ ਦਾ ਅਗਲਾ ਟੀਚਾ ਚੰਦਰਮਾ ਤੋਂ ਬਾਅਦ ਮੰਗਲ ਗ੍ਰਹਿ ‘ਤੇ ਪਹੁੰਚਣਾ ਹੈ। ਇਸ ਮਿਸ਼ਨ ਨੂੰ ਇਤਿਹਾਸਕ ਦੱਸਦੇ ਹੋਏ ਟਰੰਪ ਨੇ ਕਿਹਾ ਕਿ ਪੂਰੀ ਯਾਤਰਾ ਸ਼ਾਨਦਾਰ ਰਹੀ ਅਤੇ ਲੈਂਡਿੰਗ ਬਿਲਕੁਲ ਸਹੀ ਸੀ। ਅਮਰੀਕੀ ਪੁਲਾੜ ਏਜੰਸੀ ਨਾਸਾ ਅਨੁਸਾਰ ਆਰਟੇਮਿਸ-2 ਦੇ ਸਾਰੇ ਚਾਰੇ ਪੁਲਾੜ ਯਾਤਰੀ ਸੁਰੱਖਿਅਤ ਧਰਤੀ ‘ਤੇ ਪਰਤ ਆਏ ਹਨ। ਉਨ੍ਹਾਂ ਦਾ ਪੁਲਾੜ ਯਾਨ ਸਫਲਤਾਪੂਰਵਕ ਪ੍ਰਸ਼ਾਂਤ ਮਹਾਸਾਗਰ ਵਿੱਚ ਉਤਰਿਆ, ਇੱਕ ਪ੍ਰਕਿਰਿਆ ਜਿਸ ਨੂੰ ‘ਸਪਲੈਸ਼ਡਾਉਨ’ ਕਿਹਾ ਜਾਂਦਾ ਹੈ। ਇਸ ਤੋਂ ਬਾਅਦ ਸਾਰੇ ਪੁਲਾੜ ਯਾਤਰੀਆਂ ਨੂੰ ਸੁਰੱਖਿਅਤ ਬਾਹਰ ਕੱਢ ਕੇ ਅਮਰੀਕੀ ਜਲ ਸੈਨਾ ਦੇ ਜਹਾਜ਼ ਯੂਐਸਐਸ ਜੌਨ ਪੀ ਮੂਰਥਾ ‘ਤੇ ਲਿਆਂਦਾ ਗਿਆ। ਨਾਸਾ ਨੇ ਕਿਹਾ ਕਿ ਹੁਣ ਇਨ੍ਹਾਂ ਸਾਰੇ ਪੁਲਾੜ ਯਾਤਰੀਆਂ ਨੂੰ ਮੈਡੀਕਲ ਜਾਂਚ ਲਈ ਮੈਡੀਕਲ ਬੇਅ ਲਿਜਾਇਆ ਜਾਵੇਗਾ, ਜਿੱਥੇ ਉਨ੍ਹਾਂ ਦੀ ਪੂਰੀ ਸਿਹਤ ਦੀ ਜਾਂਚ ਕੀਤੀ ਜਾਵੇਗੀ। ਇਹ ਪ੍ਰਕਿਰਿਆ ਹਰ ਪੁਲਾੜ ਮਿਸ਼ਨ ਤੋਂ ਬਾਅਦ ਜ਼ਰੂਰੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਪੁਲਾੜ ਯਾਤਰਾ ਦਾ ਸਰੀਰ ‘ਤੇ ਕੋਈ ਮਾੜਾ ਪ੍ਰਭਾਵ ਨਾ ਪਵੇ।

ਇਸ ਦੌਰਾਨ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ‘ਤੇ ਮੌਜੂਦ ਵਿਗਿਆਨੀ ਵੀ ਇਸ ਇਤਿਹਾਸਕ ਪਲ ਦੇ ਗਵਾਹ ਬਣੇ। ਨਾਸਾ ਦੇ ਪੁਲਾੜ ਯਾਤਰੀ ਕ੍ਰਿਸ ਵਿਲੀਅਮਜ਼ ਨੇ ਕਿਹਾ ਕਿ ਉਨ੍ਹਾਂ ਨੇ ਧਰਤੀ ਦੇ ਵਾਯੂਮੰਡਲ ਵਿੱਚ ਦਾਖਲ ਹੁੰਦੇ ਸਮੇਂ ਆਰਟੇਮਿਸ-2 ਪੁਲਾੜ ਯਾਨ ਦੀ ਚਮਕ ਅਤੇ ਧੂੰਏਂ ਵਰਗੀ ਲਕੀਰ ਦੇਖੀ, ਜੋ ਕਿ ਕਾਫੀ ਰੋਮਾਂਚਕ ਨਜ਼ਾਰਾ ਸੀ। ਹਾਲਾਂਕਿ ਉਹ ਕੈਪਸੂਲ ਨੂੰ ਸਿੱਧੇ ਨਹੀਂ ਦੇਖ ਸਕਦੇ ਸਨ, ਪਰ ਇਸ ਦਾ ਟ੍ਰੇਲ ਸਾਫ਼ ਦਿਖਾਈ ਦੇ ਰਿਹਾ ਸੀ।

ਆਰਟੇਮਿਸ-2 ਮਿਸ਼ਨ ਦੀ ਸਫਲਤਾ ਨੂੰ ਮਨੁੱਖੀ ਪੁਲਾੜ ਯਾਤਰਾ ਦੇ ਇਤਿਹਾਸ ਵਿੱਚ ਇੱਕ ਵੱਡਾ ਕਦਮ ਮੰਨਿਆ ਜਾ ਰਿਹਾ ਹੈ, ਕਿਉਂਕਿ ਇਹ ਮਿਸ਼ਨ ਚੰਦਰਮਾ ਲਈ ਭਵਿੱਖ ਅਤੇ ਵੱਡੇ ਮਿਸ਼ਨਾਂ ਦੀ ਨੀਂਹ ਰੱਖੇਗਾ। ਹੁਣ ਦੁਨੀਆ ਦੀਆਂ ਨਜ਼ਰਾਂ ਇਸ ਗੱਲ ‘ਤੇ ਹਨ ਕਿ ਅਮਰੀਕਾ ਮੰਗਲ ਗ੍ਰਹਿ ‘ਤੇ ਪਹੁੰਚਣ ਦਾ ਆਪਣਾ ਨਵਾਂ ਟੀਚਾ ਕਦੋਂ ਅਤੇ ਕਿਵੇਂ ਹਾਸਲ ਕਰਦਾ ਹੈ।

# ਜੰਗਬੰਦੀ ਦੌਰਾਨ ਈਰਾਨ ਨੂੰ ਹਥਿਆਰ ਦੇਣ ਦੀ ਤਿਆਰੀ ਕਰ ਰਿਹਾ ਹੈ ਚੀਨ?



ਅਮਰੀਕੀ ਖੁਫੀਆ ਰਿਪੋਰਟਾਂ ਨੇ ਇਕ ਹੈਰਾਨ ਕਰਨ ਵਾਲੇ ਖੁਲਾਸੇ ਵੱਲ ਇਸ਼ਾਰਾ ਕੀਤਾ ਹੈ। ਜਿਸ ਅਨੁਸਾਰ ਚੀਨ ਅਗਲੇ ਕੁਝ ਹਫ਼ਤਿਆਂ ਵਿੱਚ ਈਰਾਨ ਨੂੰ ਨਵੀਂ ਹਵਾਈ ਰੱਖਿਆ ਪ੍ਰਣਾਲੀ ਭੇਜਣ ਦੀ ਤਿਆਰੀ ਕਰ ਰਿਹਾ ਹੈ। ਤਿੰਨ ਖੁਫੀਆ ਸੂਤਰਾਂ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਇਹ ਕਦਮ ਅਜਿਹੇ ਸਮੇਂ ‘ਚ ਚੁੱਕਿਆ ਜਾ ਰਿਹਾ ਹੈ ਜਦੋਂ ਅਮਰੀਕਾ ਅਤੇ ਈਰਾਨ ਵਿਚਾਲੇ ਹਾਲ ਹੀ ‘ਚ ਹੋਈ ਅਸਥਾਈ ਜੰਗਬੰਦੀ ਕਾਫੀ ਨਾਜ਼ੁਕ ਸਥਿਤੀ ‘ਚ ਹੈ।

ਰਿਪੋਰਟ ਅਨੁਸਾਰ ਚੀਨ ਵੱਲੋਂ ਭੇਜੇ ਗਏ ਸਿਸਟਮਾਂ ‘ਚ ਮੈਨ-ਪੋਰਟੇਬਲ ਏਅਰ ਡਿਫੈਂਸ ਸਿਸਟਮ (ਮੈਨਪੈਡਸ) ਸ਼ਾਮਿਲ ਹੋ ਸਕਦੇ ਹਨ, ਜਿਨ੍ਹਾਂ ਨੂੰ ਘੱਟ ਉਚਾਈ ‘ਤੇ ਉੱਡਣ ਵਾਲੇ ਜਹਾਜ਼ਾਂ ਲਈ ਵੱਡਾ ਖਤਰਾ ਮੰਨਿਆ ਜਾਂਦਾ ਹੈ। ਜ਼ਿਕਰਯੋਗ ਹੈ ਕਿ ਅਗਲੇ ਮਹੀਨੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਗੱਲਬਾਤ ਲਈ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੀ ਚੀਨ ਦਾ ਦੌਰਾ ਕਰਨ ਜਾ ਰਹੇ ਹਨ। ਇਸ ਸੰਭਾਵੀ ਹਥਿਆਰਾਂ ਦੀ ਸਪਲਾਈ ਨੂੰ ਇਸ ਲਈ ਵੀ ਸੰਵੇਦਨਸ਼ੀਲ ਮੰਨਿਆ ਜਾ ਰਿਹਾ ਹੈ ਕਿਉਂਕਿ ਚੀਨ ਨੇ ਹਾਲ ਹੀ ਵਿੱਚ ਇਸ ਜੰਗਬੰਦੀ ਨੂੰ ਅਮਲ ਵਿੱਚ ਲਿਆਉਣ ਵਿੱਚ ਭੂਮਿਕਾ ਨਿਭਾਉਣ ਦਾ ਦਾਅਵਾ ਕੀਤਾ ਸੀ। ਰਿਪੋਰਟ ਵਿਚ ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਚੀਨ ਇਨ੍ਹਾਂ ਹਥਿਆਰਾਂ ਦੀ ਸਪਲਾਈ ਤੀਜੇ ਦੇਸ਼ਾਂ ਰਾਹੀਂ ਭੇਜ ਸਕਦਾ ਹੈ, ਤਾਂ ਜੋ ਇਨ੍ਹਾਂ ਦੇ ਅਸਲ ਸਰੋਤ ਨੂੰ ਛੁਪਾਇਆ ਜਾ ਸਕੇ। ਵਾਸ਼ਿੰਗਟਨ ਵਿਚ ਚੀਨੀ ਦੂਤਾਵਾਸ ਦੇ ਬੁਲਾਰੇ ਨੇ ਇਸ ਰਿਪੋਰਟ ਦਾ ਖੰਡਨ ਕਰਦੇ ਹੋਏ ਕਿਹਾ ਕਿ ‘ਚੀਨ ਨੇ ਕਦੇ ਵੀ ਸੰਘਰਸ਼ ਲਈ ਕਿਸੇ ਵੀ ਧਿਰ ਨੂੰ ਹਥਿਆਰ ਮੁਹੱਈਆ ਨਹੀਂ ਕਰਵਾਏ ਹਨ, ਸਵਾਲ ਵਿਚਲੀ ਜਾਣਕਾਰੀ ਝੂਠੀ ਹੈ।’ ਉਨ੍ਹਾਂ ਅੱਗੇ ਕਿਹਾ ਕਿ ਇੱਕ ਜ਼ਿੰਮੇਵਾਰ ਪ੍ਰਮੁੱਖ ਦੇਸ਼ ਵਜੋਂ ਚੀਨ ਲਗਾਤਾਰ ਆਪਣੀਆਂ ਅੰਤਰਰਾਸ਼ਟਰੀ ਜ਼ਿੰਮੇਵਾਰੀਆਂ ਨੂੰ ਪੂਰਾ ਕਰਦਾ ਹੈ। ਅਸੀਂ ਅਮਰੀਕੀ ਪੱਖ ਨੂੰ ਬੇਬੁਨਿਆਦ ਦੋਸ਼ ਲਗਾਉਣ, ਖਤਰਨਾਕ ਸਬੰਧ ਬਣਾਉਣ ਅਤੇ ਸਨਸਨੀ ਫੈਲਾਉਣ ਤੋਂ ਗੁਰੇਜ਼ ਕਰਨ ਦੀ ਅਪੀਲ ਕਰਦੇ ਹਾਂ। ਅਸੀਂ ਉਮੀਦ ਕਰਦੇ ਹਾਂ ਕਿ ਸਬੰਧਤ ਧਿਰਾਂ ਤਣਾਅ ਨੂੰ ਘੱਟ ਕਰਨ ਵਿੱਚ ਮਦਦ ਕਰਨ ਲਈ ਹੋਰ ਕੁਝ ਕਰਨਗੀਆਂ। ਇਸ ਤੋਂ ਪਹਿਲਾਂ, ਦੂਤਘਰ ਦੇ ਬੁਲਾਰੇ ਨੇ ਕਿਹਾ ਸੀ ਕਿ ਅਮਰੀਕਾ-ਇਰਾਨ ਯੁੱਧ ਦੀ ਸ਼ੁਰੂਆਤ ਤੋਂ, ਬੀਜਿੰਗ ਜੰਗਬੰਦੀ ਦੀ ਦਲਾਲ ਅਤੇ ਸੰਘਰਸ਼ ਨੂੰ ਖਤਮ ਕਰਨ ਵਿੱਚ ਮਦਦ ਕਰਨ ਲਈ ਕੰਮ ਕਰ ਰਿਹਾ ਹੈ।









# ਮਾਨਸਿਕ ਤੰਦਰੁਸਤੀ 'ਚ ਮਨ ਦਾ ਮਹੱਤਵ



ਡਿਜਿਟਲ ਦੁਨੀਆਂ, ਵੱਧ ਰਹੇ ਕੰਮ ਦੇ ਦਬਾਅ ਅਤੇ ਭਾਵਨਾਤਮਕ ਚੁਣੌਤੀਆਂ ਦੇ ਇਸ ਯੁੱਗ ਵਿੱਚ, ਮਾਨਸਿਕ ਸਿਹਤ ਦੇ ਮਾਹਿਰ ਇੱਕ ਸਧਾਰਣ ਪਰ ਪ੍ਰਭਾਵਸ਼ਾਲੀ ਤਰੀਕੇ ਵੱਲ ਧਿਆਨ ਦੇ ਰਹੇ ਹਨ—ਜਿਸ ਵਿੱਚ ਮਨ ਦੀ ਅਲੱਗਤਾ, ਜਾਗਰੂਕਤਾ ਅਤੇ ਸਵੈ ਇਰਾਦਤਨ ਕਦਮ ਸ਼ਾਮਲ ਹਨ। ਇਹ ਵੱਧਦੀ ਸੋਚ ਦੱਸਦੀ ਹੈ ਕਿ ਭਾਵੇਂ ਤਣਾਅ, ਚਿੰਤਾ ਅਤੇ ਡਿਪ੍ਰੈਸ਼ਨ ਜੀਵਨ ਦਾ ਹਿੱਸਾ ਹਨ, ਪਰ ਮਨੁੱਖੀ ਮਨ ਵਿੱਚ ਆਪਣੇ ਆਪ ਨੂੰ ਬਚਾਉਣ, ਆਪਣੇ ਵਿਚਾਰਾਂ ਨੂੰ ਦੁਬਾਰਾ ਗਠਿਤ ਕਰਨ ਅਤੇ ਮੁੜ ਕਾਬੂ ਹਾਸਲ ਕਰਨ ਦੀ ਅਦਭੁੱਤ ਸਮਰੱਥਾ ਮੌਜੂਦ ਹੈ।

**ਮਨ ਦੀ ਅਲੱਗਤਾ ਨੂੰ ਸਮਝਣਾ**

ਸਧਾਰਣ ਧਾਰਨਾ ਦੇ ਉਲਟ, ਮਨ ਦੀ ਅਲੱਗਤਾ ਦਾ ਮਤਲਬ ਸਮਾਜ ਤੋਂ ਦੂਰ ਹੋਣਾ ਜਾਂ ਜ਼ਿੰਮੇਵਾਰੀਆਂ ਤੋਂ ਭੱਜਣਾ ਨਹੀਂ ਹੈ। ਇਸਦਾ ਅਰਥ ਹੈ ਆਪਣੇ ਮਨ ਨੂੰ ਨਕਾਰਾਤਮਕਤਾ, ਤਣਾਅ ਅਤੇ ਭਾਰੀ ਵਿਚਾਰਾਂ ਤੋਂ ਵੱਖ ਕਰਨਾ। ਵਿਸ਼ਾ ਮਾਹਿਰ ਇਸਨੂੰ ਮਨ ਵਿੱਚ ਇੱਕ ਸੀਮਾ ਬਣਾਉਣ ਵਜੋਂ ਵੇਖਦੇ ਹਨ, ਜਿਸ ਨਾਲ ਵਿਅਕਤੀ ਇਹ ਚੁਣ ਸਕਦਾ ਹੈ ਕਿ ਉਸਦੇ ਵਿਚਾਰਾਂ 'ਤੇ ਕਿਹੜੀ ਚੀਜ਼ ਪ੍ਰਭਾਵ ਪਾਏਗੀ। ਅਮਲ ਵਿੱਚ ਇਸਦਾ ਮਤਲਬ ਹੈ—ਨੁਕਸਾਨਦਾਇਕ ਜਾਣਕਾਰੀ ਤੋਂ ਦੂਰੀ, ਨਕਾਰਾਤਮਕ ਸੰਬੰਧਾਂ ਨੂੰ ਘਟਾਉਣਾ ਅਤੇ ਧਿਆਨ ਨੂੰ ਸਕਾਰਾਤਮਕ ਪਾਸਿਆਂ ਵੱਲ ਮੋੜਨਾ।

**ਤਣਾਅ ਅਤੇ ਚਿੰਤਾ ਤੋਂ ਮਨ ਦੀ ਰੱਖਿਆ**

ਮਾਨਸਿਕ ਸਿਹਤ ਮਾਹਿਰਾਂ ਵੱਲੋਂ ਕੁਝ ਪ੍ਰਭਾਵਸ਼ਾਲੀ ਤਰੀਕੇ ਸੁਝਾਏ ਗਏ ਹਨ:

**ਜਾਣਕਾਰੀ ਦਾ ਸੰਤੁਲਨ:**

ਬਹੁਤ ਜ਼ਿਆਦਾ ਖ਼ਬਰਾਂ ਜਾਂ ਸੋਸ਼ਲ ਮੀਡੀਆ ਦੇ ਪ੍ਰਭਾਵ ਨੂੰ ਘਟਾਉਣਾ ਚਿੰਤਾ ਨੂੰ ਘਟਾ ਸਕਦਾ ਹੈ।

**ਵਿਚਾਰਾਂ ਦਾ ਅਧਿਐਨ:**

ਤੁਰੰਤ ਪ੍ਰਤੀਕਿਰਿਆ ਕਰਨ ਦੀ ਬਜਾਏ ਆਪਣੇ ਵਿਚਾਰਾਂ ਨੂੰ ਬਿਨਾਂ ਨਿਰਣੇ ਦੇ ਦੇਖਣਾ ਭਾਵਨਾਤਮਕ ਦੂਰੀ ਬਣਾਉਂਦਾ ਹੈ।

**ਚੁੱਪ ਦਾ ਅਭਿਆਸ:**

ਰੋਜ਼ ਕੁਝ ਸਮਾਂ ਸ਼ਾਂਤੀ ਵਿੱਚ ਬਿਤਾਉਣਾ ਮਨ ਨੂੰ ਸ਼ਾਂਤ ਕਰਦਾ ਹੈ ਅਤੇ ਸਪੱਸ਼ਟਤਾ ਵਧਾਉਂਦਾ ਹੈ।

**ਭਾਵਨਾਤਮਕ ਜਾਗਰੂਕਤਾ:**

ਭਾਵਨਾਵਾਂ ਨੂੰ ਪਛਾਣਨਾ ਅਤੇ ਉਹਨਾਂ 'ਤੇ ਕਾਬੂ ਰੱਖਣਾ ਮਨੁੱਖ ਨੂੰ ਸੰਤੁਲਿਤ ਬਣਾਉਂਦਾ ਹੈ।

ਇਹ ਤਰੀਕੇ ਹੌਲੀ ਹੌਲੀ ਮਾਨਸਿਕ ਭਾਰ ਨੂੰ ਘਟਾਉਂਦੇ ਹਨ ਅਤੇ ਭਾਵਨਾਤਮਕ ਸੰਤੁਲਨ ਵੱਧਾਉਂਦੇ ਹਨ।

**ਅਵਚੇਤਨ ਮਨ ਦੀ ਭੂਮਿਕਾ**

ਇਸ ਵਿਚਾਰਧਾਰਾ ਦਾ ਇੱਕ ਮਹੱਤਵਪੂਰਨ ਹਿੱਸਾ ਹੈ ਅਵਚੇਤਨ ਮਨ ਨੂੰ ਸਮਝਣਾ, ਜੋ ਸਾਡੀਆਂ ਆਦਤਾਂ, ਵਿਸ਼ਵਾਸਾਂ ਅਤੇ ਭਾਵਨਾਵਾਂ 'ਤੇ ਪ੍ਰਭਾਵ ਪਾਉਂਦਾ ਹੈ। ਮਨੋਵਿਗਿਆਨੀਆਂ ਅਨੁਸਾਰ ਕਈ ਨਕਾਰਾਤਮਕ ਪੈਟਰਨ—ਜਿਵੇਂ ਕਿ ਆਪਣੇ ਆਪ 'ਤੇ ਸੰਦੇਹ ਜਾਂ ਡਰ—ਅਵਚੇਤਨ ਸਿਖਲਾਈ ਦੇ ਨਤੀਜ਼ੇ ਹੁੰਦੇ ਹਨ।

**ਇਸਨੂੰ ਬਦਲਣ ਲਈ ਕੁਝ ਤਕਨੀਕਾਂ ਹਨ:**

ਸਕਾਰਾਤਮਕ ਪੁਸ਼ਟੀ (Affirmations):

ਚੰਗੇ ਵਾਕਾਂ ਦੀ ਦੁਹਰਾਈ ਕਰਕੇ ਮਨ ਨੂੰ ਨਵੀਂ ਸੋਚ ਦੇਣਾ।

ਕਲਪਨਾ (Visualization):

ਚਾਹੇ ਗਏ ਨਤੀਜ਼ਿਆਂ ਦੀ ਮਨ ਵਿੱਚ ਤਸਵੀਰ ਬਣਾਉਣਾ।

ਆਤਮ-ਮਨਨ (Self-Reflection):

ਆਪਣੇ ਵਿਚਾਰਾਂ ਦੇ ਦੁਹਰਾਏ ਜਾਂਦੇ ਪੈਟਰਨ ਦੀ ਪਛਾਣ।

ਨਿਰੰਤਰ ਅਭਿਆਸ ਨਾਲ ਮਨ ਦੀ ਸੋਚ ਨੂੰ ਬਦਲਿਆ ਜਾ ਸਕਦਾ ਹੈ।

**ਕਦਮ ਹੀ ਬਦਲਾਅ ਦੀ ਕੁੰਜੀ**

ਜਾਗਰੂਕਤਾ ਮਹੱਤਵਪੂਰਨ ਹੈ, ਪਰ ਅਸਲ ਬਦਲਾਅ ਲਗਾਤਾਰ ਕਦਮਾਂ ਨਾਲ ਹੀ ਆਉਂਦਾ ਹੈ।

**ਸੁਝਾਏ ਗਏ ਕਦਮ:**

ਅਨੁਸ਼ਾਸਿਤ ਦੈਨਿਕ ਕਿਰਿਆ ਬਣਾਉਣਾ, ਜਿਵੇਂ ਠੀਕ ਨੀਂਦ ਅਤੇ ਸਮੇਂ ਦੀ ਯੋਜਨਾ ਬਣਾਉਣਾ।

**ਇੱਕ ਸਮੇਂ ਇੱਕ ਕੰਮ 'ਤੇ ਧਿਆਨ ਦੇਣਾ**

ਸਾਹਾਂ ਦੀ ਕਸਰਤ, ਧਿਆਨ ਅਤੇ ਸਰੀਰਕ ਕਸਰਤ ਨਾਲ ਧਿਆਨ ਵੱਧਦਾ ਹੈ।

**ਮਨ-ਸਰੀਰ ਜੋੜ ਮਜ਼ਬੂਤ ਕਰਨਾ**

ਰੋਜ਼ਾਨਾ ਲਿਖਣਾ (ਜਰਨਲਿੰਗ) ਕਰਕੇ ਵਿਚਾਰਾਂ ਨੂੰ ਪ੍ਰਗਟ ਕਰਨਾ ਚੰਗੀ ਆਦਤ ਹੈ। ਇਹ ਤਰੀਕੇ ਮਨ ਨੂੰ ਮਜ਼ਬੂਤ ਅਤੇ ਸਪੱਸ਼ਟ ਬਣਾਉਂਦੇ ਹਨ।

**ਰੋਜ਼ਾਨਾ ਮਾਨਸਿਕ ਮਜ਼ਬੂਤੀ ਲਈ ਰੂਪਰੇਖਾ**

**ਸਵੇਰ:**

ਚੁੱਪ, ਸਕਾਰਾਤਮਕ ਵਿਚਾਰ ਅਤੇ ਦਿਨ ਲਈ ਨਿਸ਼ਚੇ ਨਾਲ ਸ਼ੁਰੂਆਤ ਕਰੋ।

**ਦਿਨ ਦੌਰਾਨ:**

ਸੁਚੇਤ ਰਹੋ, ਨਕਾਰਾਤਮਕਤਾ ਤੋਂ ਬਚੋ ਅਤੇ ਪ੍ਰਤੀਕਿਰਿਆ ਤੋਂ ਪਹਿਲਾਂ ਸੋਚੋ।

**ਸ਼ਾਮ:**

ਦਿਨ ਦੀ ਸਮੀਖਿਆ, ਲਿਖਣਾ ਅਤੇ ਸ਼ੁਕਰਾਨਾ ਪ੍ਰਗਟ ਕਰਨਾ

ਇਹ ਅਭਿਆਸ ਮਨ ਵਿੱਚ ਅਨੁਸ਼ਾਸਨ ਅਤੇ ਜਾਗਰੂਕਤਾ ਲਿਆਉਂਦੇ ਹਨ।

**ਦ੍ਰਿਸ਼ਟੀਕੋਣ ਵਿੱਚ ਬਦਲਾਅ**

ਇਸ ਵਿਚਾਰਧਾਰਾ ਦਾ ਸਭ ਤੋਂ ਮਹੱਤਵਪੂਰਨ ਸੰਦਰਭ ਹੈ-ਆਪਣੀ ਮਾਨਸਿਕ ਅਵਸਥਾ ਲਈ ਜ਼ਿੰਮੇਵਾਰੀ ਲੈਣਾ।

ਬਾਹਰੀ ਹਾਲਾਤਾਂ ਨੂੰ ਦੋਸ਼ ਦੇਣ ਦੀ ਬਜਾਏ, ਵਿਅਕਤੀ ਨੂੰ ਆਪਣੇ ਵਿਚਾਰਾਂ ਅਤੇ ਪ੍ਰਤੀਕਿਰਿਆਵਾਂ 'ਤੇ ਕੰਟਰੋਲ ਕਰਨਾ ਸਿੱਖਣਾ ਚਾਹੀਦਾ ਹੈ। ਇਹ ਸੋਚ ਜੀਵਨ ਵਿੱਚ ਵੱਡਾ ਬਦਲਾਅ ਲਿਆ ਸਕਦੀ ਹੈ ਅਤੇ ਮਨ ਨੂੰ ਅੰਦਰੋਂ ਮਜ਼ਬੂਤ ਬਣਾਉਂਦੀ ਹੈ।

ਜਿਵੇਂ-ਜਿਵੇਂ ਮਾਨਸਿਕ ਸਿਹਤ ਬਾਰੇ ਜਾਗਰੂਕਤਾ ਵੱਧ ਰਹੀ ਹੈ, ਮਨ ਦੀ ਅਲੱਗਤਾ, ਜਾਗਰੂਕਤਾ ਅਤੇ ਕਦਮਾਂ ਦਾ ਮਿਲਾਪ ਇੱਕ ਪ੍ਰਭਾਵਸ਼ਾਲੀ ਹੱਲ ਵਜੋਂ ਸਾਹਮਣੇ ਆ ਰਿਹਾ ਹੈ।

ਵਿਸ਼ਾ ਮਾਹਿਰ ਮੰਨਦੇ ਹਨ ਕਿ ਭਾਵੇਂ ਬਾਹਰੀ ਚੁਣੌਤੀਆਂ ਤੋਂ ਬੱਚਣਾ ਮੁਸ਼ਕਿਲ ਹੈ, ਪਰ ਆਪਣੇ ਮਨ ਨੂੰ ਸਿਖਲਾਉਣ ਅਤੇ ਸੰਭਾਲਣ ਦੀ ਤਾਕਤ ਹਰ ਵਿਅਕਤੀ ਵਿੱਚ ਮੌਜੂਦ ਹੈ—ਜੋ ਨਾ ਸਿਰਫ਼ ਤਣਾਅ ਤੋਂ ਰਾਹਤ ਦਿੰਦੀ ਹੈ, ਸਗੋਂ ਲੰਬੇ ਸਮੇਂ ਦੀ ਅੰਦਰੂਨੀ ਮਜ਼ਬੂਤੀ ਦਾ ਰਸਤਾ ਵੀ ਖੋਲ੍ਹਦੀ ਹੈ।



ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।

# 40 ਡਿਗਰੀ ਤਾਪਮਾਨ 'ਚ ਸਰੀਰ ਨੂੰ AC ਵਰਗੀ ਠੰਢਕ ਦੇਵੇਗਾ 'ਬੇਲ ਦਾ ਜੂਸ'

ਉੱਤਰੀ ਭਾਰਤ ਵਿੱਚ ਗਰਮੀ ਆਪਣਾ ਕਹਿਰ ਦਿਖਾ ਰਹੀ ਹੈ ਅਤੇ ਤਾਪਮਾਨ 40°C ਨੂੰ ਪਾਰ ਕਰ ਰਿਹਾ ਹੈ। ਅਜਿਹੀ ਤਪਦੀ ਧੁੱਪ ਅਤੇ ਲੂ (Heatwave) ਤੋਂ ਬਚਣ ਲਈ ਕੁਦਰਤ ਨੇ ਸਾਨੂੰ 'ਬੇਲ' (Bael Fruit) ਦੇ ਰੂਪ ਵਿੱਚ ਇੱਕ ਅਨਮੋਲ ਤੋਹਫ਼ਾ ਦਿੱਤਾ ਹੈ। ਆਯੁਰਵੇਦ ਵਿੱਚ ਬੇਲ ਨੂੰ ਗਰਮੀਆਂ ਦਾ ਸਭ ਤੋਂ ਉੱਤਮ ਫਲ ਮੰਨਿਆ ਗਿਆ ਹੈ, ਜੋ ਨਾ ਸਿਰਫ਼ ਪਿਆਸ ਬੁਝਾਉਂਦਾ ਹੈ, ਸਗੋਂ ਸਰੀਰ ਨੂੰ ਅੰਦਰੋਂ ਠੰਢਾ ਵੀ ਰੱਖਦਾ ਹੈ।

**ਸਿਹਤ ਦਾ ਖ਼ਜ਼ਾਨਾ ਹੈ ਬੇਲ ਦਾ ਸ਼ਰਬਤ**

ਬੇਲ ਦਾ ਫਲ ਉੱਪਰੋਂ ਪੱਥਰ ਵਾਂਗ ਸਖ਼ਤ ਹੁੰਦਾ ਹੈ, ਪਰ ਇਸ ਦੇ ਅੰਦਰਲਾ ਪੀਲਾ ਗੁੱਦਾ ਪੌਸ਼ਟਿਕ ਤੱਤਾਂ ਨਾਲ ਭਰਪੂਰ ਹੁੰਦਾ ਹੈ। ਇਹ ਫਾਈਬਰ, ਵਿਟਾਮਿਨ ਸੀ ਅਤੇ ਪੋਟਾਸ਼ੀਅਮ ਦਾ ਚੰਗਾ ਸਰੋਤ ਹੈ। ਇਹ ਪਾਚਨ ਤੰਤਰ ਨੂੰ ਠੀਕ ਰੱਖਣ, ਲੂ ਤੋਂ ਬਚਾਉਣ ਅਤੇ ਸਰੀਰ ਨੂੰ ਹਾਈਡ੍ਰੇਟਡ ਰੱਖਣ ਵਿੱਚ ਮਦਦਗਾਰ ਹੈ।

**ਬਾਜ਼ਾਰੂ ਜੂਸ ਤੋਂ ਬਚੋ, ਘਰ ਵਿੱਚ ਬਣਾਓ ਸ਼ੁੱਧ ਸ਼ਰਬਤ**

ਬਾਜ਼ਾਰ ਵਿੱਚ ਮਿਲਣ ਵਾਲੇ ਖੁੱਲ੍ਹੇ ਜੂਸ ਵਿੱਚ ਸਫਾਈ ਦੀ ਘਾਟ ਅਤੇ ਮਿਲਾਵਟ ਹੋ ਸਕਦੀ ਹੈ। ਇਸ ਲਈ, ਘਰ ਵਿੱਚ ਬਣਾਇਆ ਗਿਆ ਤਾਜ਼ਾ ਸ਼ਰਬਤ ਸਭ ਤੋਂ ਵਧੀਆ ਵਿਕਲਪ ਹੈ।

**ਬੇਲ ਦਾ ਸ਼ਰਬਤ ਬਣਾਉਣ ਦੀ ਵਿਧੀ (Step-by-Step)**

ਜ਼ਰੂਰੀ ਸਮੱਗਰੀ: 1 ਪੱਕਿਆ ਹੋਇਆ ਬੇਲ (ਵੱਡਾ), 2-3 ਗਲਾਸ ਠੰਢਾ ਪਾਣੀ, ਸੁਆਦ ਅਨੁਸਾਰ ਗੁੜ ਜਾਂ ਮਿਸ਼ਰੀ (ਚੀਨੀ ਦੀ ਜਗ੍ਹਾ ਗੁੜ/ਮਿਸ਼ਰੀ ਜ਼ਿਆਦਾ ਗੁਣਕਾਰੀ ਹੈ)

ਚੁਟਕੀ ਭਰ ਕਾਲਾ ਨਮਕ ਅਤੇ ਭੁੰਨਿਆ ਹੋਇਆ ਜੀਰਾ ਪਾਊਡਰ, ਸਜਾਵਟ ਲਈ ਤਾਜ਼ਾ ਪੁਦੀਨਾ

## Celebrated World Health Day 2026
# "Together for health. Stand with science"

Columnist. Alternative Therapist. Health Educator award winner. Social activist. Certified by W.H.O, UNICEF & Canadian Red Cross: PFA. Canada. Global Health Reporter.

NTDP Skin Issues: Psoriasis- 2025. GNT Diseases-2023. Air Pollution n Health-2023.

Writer: "Self-care Tips Encyclopedia" Health Media Canada: (Dr Anil Dheer): The World Health Organization (WHO) calls on people everywhere to renew their commitment to working together and supporting science as the twin engines driving better health, under the World Health Day 2026 theme: "Together for health. Stand with science." Science shows that when we feel connected to others, our brain's reward system activates, boosting our sense of well-being and motivation. But when that connection is missing, the effects can be serious. Loneliness and social isolation can trigger stress in the body, increasing the risk of depression, self-harm, and suicide, along with physical health issues like inflammation, high blood pressure, heart disease, and stroke.




**Healthy Tips for you:**

**Personal Health Actions:**

* Follow basic hygiene: Wash hands regularly and maintain cleanliness.
* Stay updated with vaccines: Take recommended vaccines based on age and health guidelines.
* Trust medical advice: Listen to qualified doctors, not random social media claims.
* Eat a balanced diet: Include fruits, vegetables, proteins, and whole grains.
* Exercise regularly: Even 20–30 minutes daily improves immunity and fitness.
* Get enough sleep: Aim for 7–8 hours to support overall health.
* Avoid self-medication: Do not take medicines without proper guidance

**Family & Community Responsibility**

* Protect vulnerable people: Support elderly, children, and those with illness.
* Stay home when sick: Prevent spreading infections to others.
* Encourage healthy habits in family: Teach children hygiene and good lifestyle choices.
* Share correct information: Help others avoid misinformation.
* Support local healthcare workers: Respect and cooperate with them.
* Practice respiratory etiquette: Cover mouth when coughing or sneezing.
* Promote mental health awareness: Talk openly and support people emotionally.

**Standing with Science**

* Verify information before believing: Check trusted sources like hospitals or official health agencies.
* Avoid myths and rumors: Do not spread unproven treatments or fake cures.
* Support scientific research: Respect new findings and evolving guidelines.
* Follow public health rules: Such as masking or distancing when required.

**Society & Long-Term Thinking**

* Participate in health programs: Join community drives, blood donation, awareness campaigns.
* Use healthcare services responsibly: Do regular checkups and screenings.
* Be a role model: Your behavior influences others-lead by example Science-Based Living
* Follow evidence, not trends-health fads are often misleading.
* Check sources before sharing health info (avoid fake news).
* Use scientifically tested home remedies only.

**Smart Nutrition**

* Read food labels-understand sugar, salt, and fat content.
* Reduce ultra-processed foods for long-term health.
* Include probiotics (like yogurt) for gut health



Dr. Anil Dheer
Columnist. Alternative Therapist. Health Educator award winner. Social activist. Certified by W.H.O, UNICEF & Canadian Red Cross : PFA. Canada. Global Health Reporter. NTDP Skin Issues: Psoriasis- 2025. GNT Diseases-2023. Air Pollution n Health-2023. Writer: "Self-care Tips Encyclopedia"

**Active Lifestyle**

* Break long sitting time—stand or walk every hour.
* Do strength training weekly to maintain muscle health.
* Stretch daily to improve flexibility and prevent injury.

**Mental Strength**

* Limit screen time, especially before sleep.
* Stay socially connected-relationships improve health.
* Seek professional help early for anxiety or depression.

**Preventive Care**

* Track your health data (BP, sugar, weight regularly).
* Follow screening guidelines based on age and risk.
* Avoid self-diagnosis from the internet.

**Community Action**

* Support science education in children.
* Participate in local health campaigns.
* Respect and follow public health rules during outbreaks.

**Healthy Environment**

* Ensure clean indoor air (ventilation matters).
* Use safe drinking water-filter if needed.
* Reduce exposure to pollution whenever possible.

Note: Everyone should be aware about "Together for health. Stand with science" in the world.












# ਟੀ.ਪੀ.ਏ.ਆਰ. ਕਲੱਬ ਦਾ ਹਾਫ਼-ਮੈਰਾਥਨ ਦੌੜਾਕ ਤੇ ਵਧੀਆ ਵਾਲੰਟੀਅਰ - ਸੁਖਦੇਵ ਸਿੱਧਵਾਂ

ਖੇਡਾਂ ਤੇ ਦੌੜਾਂ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਲਈ ਅਤੀ ਮਹੱਤਵਪੂਰਨ ਹਨ। ਤੰਦਰੁਸਤ ਸਰੀਰ ਵਿੱਚ ਹੀ ਤੰਦਰੁਸਤ ਮਨ ਦਾ ਨਿਵਾਸ ਹੁੰਦਾ ਹੈ। ਅੰਗਰੇਜ਼ੀ ਕਹਾਵਤ "ਅ ਸੌਂਦ ਮਿਨਦਿ ਨ ਓ ਸੌਂਦ ਬੋਦੇ" ਇਸ ਕਥਨ ਦੀ ਪ੍ਰੋੜ੍ਹਤਾ ਕਰਦੀ ਹੈ ਅਤੇ ਇਸ ਨੂੰ ਮੁੱਖ ਰੱਖਦਿਆਂ ਹੀ ਟੀ.ਪੀ.ਏ.ਆਰ. ਕਲੱਬ ਦਾ ਸਰਗਰਮ ਮੈਂਬਰ ਸੁਖਦੇਵ ਸਿੰਘ ਸਿੱਧਵਾਂ ਸਕੂਲ ਤੇ ਕਾਲਜ ਦੇ ਦਿਨਾਂ ਤੋਂ ਖੇਡਾਂ ਵਿੱਚ ਭਾਗ ਲੈਂਦਾ ਰਿਹਾ ਹੈ। ਪਿਛਲੇ 12 ਸਾਲਾਂ ਤੋਂ ਉਹ ਲਗਾਤਾਰ ਹਾਫ਼-ਮੈਰਾਥਨ ਤੇ ਹੋਰ ਦੌੜਾਂ ਦੌੜਦਾ ਰਿਹਾ ਹੈ। ਉਸਦਾ ਜਨਮ ਜ਼ਿਲਾ ਲੁਧਿਆਣਾ ਦੇ ਮਸ਼ਹੂਰ ਪਿੰਡ ਸਿੱਧਵਾਂ ਕਲਾਂ ਵਿੱਚ 10 ਮਾਰਚ 1965 ਨੂੰ ਸ. ਸੁਰਜੀਤ ਸਿੰਘ ਸਿੱਧੂ ਤੇ ਮਾਤਾ ਪਰਮਜੀਤ ਕੌਰ ਦੇ ਘਰ ਹੋਇਆ। ਇਹ ਪਿੰਡ ਕਾਫ਼ੀ ਵੱਡਾ ਹੈ ਅਤੇ ਪ੍ਰਾਇਮਰੀ ਤੇ ਹਾਈ ਸਕੂਲ ਇੱਥੇ ਮੌਜੂਦ ਹੋਣ ਕਰਕੇ ਦਸਵੀਂ ਤੱਕ ਪੜ੍ਹਾਈ ਉਸਨੇ ਇੱਥੇ ਹੀ ਕੀਤੀ। ਹਾਈ ਸਕੂਲ ਵਿੱਚ ਉਹ ਸਕੂਲ ਦੀਆਂ ਕਬੱਡੀ ਤੇ ਬਾਸਕਟਬਾਲ ਦੀਆਂ ਟੀਮਾਂ ਦੇ ਅਹਿਮ ਮੈਂਬਰ ਵਜੋਂ ਖੇਡਦਾ ਰਿਹਾ ਅਤੇ 55 ਤੋਂ 60 ਕਿਲੋਗਰਾਮ ਭਾਰ-ਵਰਗ ਦੀ ਜੂਨੀਅਰ ਖਿਡਾਰੀਆਂ ਦੀ ਟੀਮ ਵਿੱਚ ਭਾਗ ਲੈਂਦਾ ਰਿਹਾ। ਬਾਸਕਟਬਾਲ ਉਹ ਜ਼ੋਨਲ ਪੱਧਰ ਤੱਕ ਖੇਡਿਆ ਅਤੇ ਉਨ੍ਹਾਂ ਦੀ ਟੀਮ ਇੱਕ ਵਾਰ ਇਨ੍ਹਾਂ ਮੁਕਾਬਲਿਆਂ ਵਿੱਚ 'ਰੱਨਰਜ਼-ਅੱਪ' ਰਹੀ। ਕਬੱਡੀ ਵਿੱਚ ਉਹ ਪਿੰਡ ਦੀ ਕਬੱਡੀ ਟੀਮ ਦੇ 'ਧਾਵੀ' (ਰੇਡਰ) ਵਜੋਂ ਪਿੰਡਾਂ ਦੇ ਟੂਰਨਾਮੈਂਟਾਂ ਵਿੱਚ ਭਾਗ ਲੈਂਦਾ ਰਿਹਾ ਅਤੇ ਇਨ੍ਹਾਂ ਵਿੱਚ ਉਨ੍ਹਾਂ ਦੀ ਟੀਮ ਕਈ ਮੁਕਾਬਲਿਆਂ ਵਿੱਚ ਜੇਤੂ ਰਹੀ।

ਦਸਵੀਂ ਪਾਸ ਕਰਨ ਤੋਂ ਬਾਅਦ ਉਸਨੇ ਗੌਰਮਿੰਟ ਸਾਇੰਸ ਕਾਲਜ ਜਗਰਾਉਂ ਤੋਂ 1987 ਵਿੱਚ ਬੀ.ਐੱਸ.ਸੀ. (ਨਾਨ-ਮੈਡੀਕਲ) ਕਰਕੇ ਅਗਲੇ ਸਾਲ 1988 ਵਿੱਚ ਖਾਲਸਾ ਕਾਲਜ ਗੁਰੂਸਰ ਸੁਧਾਰ ਤੋਂ ਬੀ.ਐੱਡ. ਕੀਤੀ। ਇੱਥੇ ਵੀ ਉਸਨੇ ਇਸ ਕਾਲਜ ਵੱਲੋਂ ਪ੍ਰੋਫ਼ੈਸ਼ਨਲ ਐਜੂਕੇਸ਼ਨ ਕਾਲਜਾਂ ਦੇ ਟੂਰਨਾਮੈਂਟ ਵਿੱਚ ਆਪਣੇ ਕਾਲਜ ਦੀ ਕਬੱਡੀ ਟੀਮ ਦੀ ਪ੍ਰਤੀਨਿਧਤਾ ਕੀਤੀ। ਬੀ.ਐੱਡ. ਕਰਨ ਉਪਰੰਤ ਉਹ ਸਰਕਾਰੀ ਹਾਈ ਸਕੂਲ ਵਿੱਚ 'ਮੈਥ ਮਾਸਟਰ' (ਹਿਸਾਬ ਦੇ ਵਿਸ਼ੇ ਦਾ ਅਧਿਆਪਕ) ਬਣ ਗਿਆ। ਤਿੰਨ ਸਾਲ ਉਸ ਨੇ ਇਹ ਨੌਕਰੀ ਕੀਤੀ ਅਤੇ ਨਵੰਬਰ 1991 ਵਿੱਚ 'ਮੈਰਿਜ ਬੇਸ' 'ਤੇ ਕੈਨੇਡਾ ਦੇ 'ਪੰਜਾਬੀਆਂ ਦੇ ਗੜ੍ਹ' ਬਰੈਂਪਟਨ ਆ ਗਿਆ। ਇੱਥੇ ਕਈ ਤਰ੍ਹਾਂ ਦੇ ਕੰਮ ਕਰਨ ਤੋਂ ਬਾਅਦ ਉਸਨੂੰ ਟੈਕਸੀ ਡਰਾਈਵਰ ਬਣਨਾ ਵਧੇਰੇ ਚੰਗਾ ਲੱਗਿਆ ਅਤੇ ਉਹ ਅਵਤਾਰ ਸਿੰਘ ਅਟਵਾਲ ਦੀ ਮਦਦ ਨਾਲ 'ਬਲੂ ਐਂਡ ਵਾਈਟ' ਨਾਂ ਦੀ ਸਿਟੀ ਕੰਪਨੀ ਨਾਲ ਲੱਗ ਗਿਆ। ਡੇਢ ਕੁ ਸਾਲ ਇਸ ਕੰਪਨੀ ਵਿੱਚ ਕੰਮ ਕਰਨ ਤੋਂ ਬਾਅਦ ਉਸਨੇ ਆਪਣੇ ਸਾਥੀਆਂ ਹਰਬੰਸ ਸਿੰਘ ਔਲਖ ਤੇ ਗੁਰਮੀਤ ਧਾਲੀਵਾਲ ਦੇ ਨਾਲ ਮਿਲ਼ ਕੇ ਸਾਂਝੀ ਟੈਕਸੀ ਦੀ ਪਲੇਟ ਲੈ ਲਈ ਅਤੇ ਇਸ ਟੈਕਸੀ ਨੂੰ ਉਸਨੇ 'ਏਅਰ ਫ਼ਲਾਈਟ ਟੈਕਸੀ ਸਰਵਿਸ' ਨਾਲ ਜੋੜ ਲਿਆ। ਹੁਣ ਤੀਕ ਉਹ ਏਸੇ ਕੰਪਨੀ ਵਿੱਚ ਕੰਮ ਕਰ ਰਿਹਾ ਹੈ।

ਇੱਥੇ ਹੀ 2010 ਵਿੱਚ ਉਸਦਾ ਮੇਲ਼ ਸੰਧੂਰਾ ਸਿੰਘ ਬਰਾੜ ਨਾਲ ਹੋਇਆ ਜੋ ਇਸ ਕੰਪਨੀ ਨਾਲ ਹੀ ਕੰਮ ਕਰਦਾ ਸੀ। ਗੱਲਾਂ-ਬਾਤਾਂ ਦੌਰਾਨ ਬਰਾੜ ਨੇ ਉਸਨੂੰ ਦੱਸਿਆ ਕਿ ਉਹ 6-7 ਜਣੇ ਮਿਲ਼ ਕੇ ਛੁੱਟੀ ਵਾਲੇ ਦਿਨ 'ਬਰੂਸ ਟਰੇਲ' 'ਤੇ ਏਅਰਪੋਰਟ ਰੋਡ ਤੋਂ ਹਾਈਵੇਅ- 10 ਤੱਕ ਇਕੱਠੇ 8-9 ਕਿਲੋਮੀਟਰ ਦੌੜਦੇ ਹਨ ਅਤੇ ਜੇਕਰ ਉਹ ਚਾਹਵੇ ਤਾਂ ਉਨ੍ਹਾਂ ਦੇ ਨਾਲ ਆ ਸਕਦਾ ਹੈ। ਸੁਖਦੇਵ ਸਿੱਧਵਾਂ ਨੂੰ ਸਕੂਲ ਅਤੇ ਕਾਲਜ ਦੇ ਦਿਨਾਂ ਵਿੱਚ ਕਬੱਡੀ ਅਤੇ ਬਾਸਕਟਬਾਲ ਗੇਮਾਂ ਵਿੱਚ ਹਿੱਸਾ ਲੈਣ ਦਾ ਸ਼ੌਕ ਤਾਂ ਪਹਿਲਾਂ ਹੀ ਸੀ। ਇੱਥੇ ਕੈਨੇਡਾ ਆ ਕੇ ਕੰਮਾਂ ਵਿੱਚ ਰੁਝੇਵਿਆਂ ਦੇ ਕਾਰਨ ਉਸਦਾ ਇਹ ਸ਼ੌਕ ਲੱਗਭੱਗ ਛੁੱਟ ਚੁੱਕਾ ਸੀ। ਸੰਧੂਰਾ ਬਰਾੜ ਦੇ ਇਸ ਮਸ਼ਵਰੇ ਨਾਲ ਉਹ ਖੇਡਣ ਤੇ ਦੌੜਨ/ਭੱਜਣ ਦਾ ਸ਼ੌਕ ਮੁੜ ਜਾਗ ਪਿਆ ਅਤੇ ਉਸਨੇ ਛੁੱਟੀ ਵਾਲੇ ਦਿਨ ਉਨ੍ਹਾਂ ਦੇ ਨਾਲ ਉਸ ਟਰੇਲ 'ਤੇ ਦੌੜਨਾ ਸ਼ੁਰੂ ਕਰ ਦਿੱਤਾ। ਫਿਰ 2017 ਵਿੱਚ ਜਦੋਂ 'ਟੀ.ਪੀ.ਏ.ਆਰ. ਕਲੱਬ' ਇੱਕ ਪ੍ਰੋਫ਼ੈਸ਼ਨਲ ਰਨਰਜ਼ ਕਲੱਬ ਵਜੋਂ ਬਾਕਾਇਦਾ ਹੋਂਦ ਵਿੱਚ ਆ ਗਈ ਤਾਂ ਉਹ ਇਸ ਦਾ ਪੱਕਾ ਮੈਂਬਰ ਬਣ ਗਿਆ ਅਤੇ ਉਸਨੇ ਇਸ ਦੀਆਂ ਕਾਰਵਾਈਆਂ 'ਚ ਸਰਗਰਮ ਭਾਗ ਲੈਣਾ ਸ਼ੁਰੂ ਕਰ ਦਿੱਤਾ। 2017 ਵਿੱਚ ਪਹਿਲੀ ਵਾਰ ਉਸਨੇ 'ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ' ਵੱਲੋਂ ਹਰ ਸਾਲ ਕਰਵਾਈ ਜਾਂਦੇ ਦੌੜ ਦੇ ਈਵੈਂਟ ਵਿੱਚ 'ਇੰਸਪੀਰੇਸ਼ਨਲ ਸਟੈੱਪਸ' ਵਿੱਚ ਭਾਗ ਲਿਆ। ਉਹ ਇਸ ਵਿੱਚ 2017 ਤੋਂ 2019 ਦੌਰਾਨ ਅਤੇ ਇਸ ਤੋਂ ਬਾਅਦ ਚਾਰ ਵਾਰ 42 ਕਿਲੋਮੀਟਰ ਦੌੜਿਆ। 2019 ਵਿੱਚ ਉਸਨੇ ਇਹ ਮੈਰਾਥਨ ਦੌੜ 5 ਘੰਟੇ 9 ਮਿੰਟ ਵਿੱਚ ਲਗਾਈ ਅਤੇ 55 ਤੋਂ 59 ਸਾਲ ਦੇ ਆਪਣੇ ਉਮਰ-ਵਰਗ ਵਿੱਚ ਤੀਸਰੇ ਨੰਬਰ 'ਤੇ ਆ ਕੇ ਟਰਾਫ਼ੀ ਹਾਸਲ ਕੀਤੀ।

ਇਸ ਤੋਂ ਇਲਾਵਾ ਉਹ ਸਮੇਂ-ਸਮੇਂ ਦੌੜ ਦੇ ਕਈ ਈਵੈਂਟਾਂ ਵਿੱਚ ਭਾਗ ਲੈਂਦਾ ਰਿਹਾ ਹੈ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:

1. 'ਸਕੋਸ਼ੀਆਬੈਂਕ ਵਾਟਰਫ਼ਰੰਟ ਮੈਰਾਥਨ' ਈਵੈਂਟ ਵਿੱਚ ਉਸਨੇ 21 ਕਿਲੋਮੀਟਰ ਦੌੜ ਵਿੱਚ ਟੀ.ਪੀ.ਏ.ਆਰ. ਕਲੱਬ ਦੇ ਆਪਣੇ ਸਾਥੀਆਂ ਨਾਲ 2017, 2018 ਅਤੇ 2019 ਵਿੱਚ ਤਿੰਨ ਵਾਰ ਹਿੱਸਾ ਲਿਆ ਅਤੇ 2019 ਵਿੱਚ ਇਹ ਦੌੜ 2 ਘੰਟੇ 10 ਮਿੰਟ ਵਿੱਚ ਪੂਰੀ ਕੀਤੀ।








2. 'ਪੀਟਰਬੋਰੋ ਬਟਰਫ਼ਲਾਈ 10 ਕਿਲੋਮੀਟਰ ਰਨ' ਵਿੱਚ ਉਸਨੇ 2024 ਅਤੇ 2025 ਵਿੱਚ ਦੋ ਵਾਰ ਹਿੱਸਾ ਲਿਆ। ਇਹ ਮੁਕਾਬਲੇ ਦੀ ਦੌੜ ਨਹੀਂ ਹੈ ਅਤੇ ਇਸ ਵਿੱਚ ਸ਼ਾਮਲ ਹੋਣ ਵਾਲੇ ਸਾਰੇ ਦੌੜਾਕਾਂ ਨੂੰ ਖ਼ੂਬਸੂਰਤ ਤਿਤਲੀ ਦੀ ਸ਼ਕਲ ਵਾਲੇ ਸ਼ਾਨਦਾਰ ਮੈਡਲਾਂ ਨਾਲ ਸਨਮਾਨਿਤ ਕੀਤਾ ਜਾਂਦਾ ਹੈ।

3. 'ਜੌਰਜਿਨਾ ਹਾਫ਼-ਮੈਰਾਥਨ' ਵਿੱਚ ਉਸਨੇ 2024 ਅਤੇ 2025 ਵਿੱਚ ਦੋ ਵਾਰ ਸਫ਼ਲਤਾ ਪੂਰਵਕ ਹਿੱਸਾ ਲਿਆ।

4. 'ਬਿੰਗੋ ਗਲੋਬਲ 10 ਕਿਲੋਮੀਟਰ ਰਨ' ਵਿੱਚ ਉਸਨੇ 2024 ਅਤੇ 2025 ਵਿੱਚ ਦੋ ਵਾਰ ਭਾਗ ਲਿਆ।

5. ਡਾਊਨ ਟਾਊਨ ਟੋਰਾਂਟੋ ਵਿੱਚ ਰਾਤ ਨੂੰ ਹੋਣ ਵਾਲੀ 'ਬਰੀਟਾ ਨਾਈਟ ਰਨ' ਉਸਨੇ 2025 ਵਿੱਚ ਹਿੱਸਾ ਲਿਆ।

6. ਪੀਲ ਪੋਲੀਸ ਵੱਲੋਂ ਹਰ ਸਾਲ ਕਰਵਾਈ ਜਾਂਦੀ 'ਰੇਸ ਅਗੇਨਸਟ ਰੇਸਿਜ਼ਮ' ਵਿੱਚ ਉਸਨੇ 2024 ਅਤੇ 2025 ਵਿੱਚ ਦੋ ਵਾਰ ਭਾਗ ਲਿਆ।

7. 'ਬਰੈਂਪਟਨ ਹਾਫ਼-ਮੈਰਾਥਨ' ਈਵੈਂਟ ਵਿੱਚ ਦੋ ਵਾਰ 2024 ਅਤੇ 2025 ਵਿੱਚ ਹਿੱਸਾ ਲਿਆ।

8. ਬੀ.ਵੀ.ਡੀ. ਹਾਫ਼-ਮੈਰਥਨ ਵਿੱਚ 2025 ਵਿੱਚ ਹਿੱਸਾ ਲਿਆ।

9. ਪ੍ਰੋਫ਼ੈਸਰਜ਼ ਲੇਕ 'ਤੇ ਹੋਣ ਵਾਲੀ 10 ਕਿਲੋਮੀਟਰ ਦੌੜ ਵਿੱਚ 2025 ਵਿੱਚ ਭਾਗ ਲਿਆ। 2020 ਤੋਂ 2022 ਤੱਕ 'ਕਰੋਨਾ ਮਹਾਂਮਾਰੀ' ਫ਼ੈਲਣ ਕਰਕੇ ਜਦੋਂ ਹੋਰ ਸਮਾਜਿਕ ਸਰਗਰਮੀਆਂ ਸਮੇਤ ਖੇਡਾਂ ਤੇ ਦੌੜਾਂ ਦੇ ਵੀ ਸਾਰੇ ਈਵੈਂਟ ਬੰਦ ਹੋ ਗਏ ਸਨ ਤਾਂ ਉਹ ਅਤੇ ਟੀ.ਪੀ.ਏ.ਆਰ. ਕਲੱਬ ਦੇ ਕਈ ਹੋਰ ਸਾਥੀ ਸਾਈਕਲਾਂ ਉੱਪਰ ਕੈਲੇਡਨ ਟਰੇਲ 'ਤੇ ਚੱਲਦਿਆਂ 40-50 ਕਿਲੋਮੀਟਰ ਦਾ ਗੇੜਾ ਤਾਂ ਆਮ ਤੌਰ 'ਤੇ ਹੀ ਲਗਾ ਆਉਂਦੇ ਸਨ ਅਤੇ ਇੱਕ ਵਾਰ ਉਨ੍ਹਾਂ ਨੇ ਸਾਈਕਲਾਂ ਉੱਪਰ ਹੀ ਨਿਆਗਰਾ ਫ਼ਾਲਜ਼ ਤੱਕ ਜਾਂਦਿਆਂ 100 ਕਿਲੋਮੀਟਰ ਤੋਂ ਵੱਧ ਪੈਂਡਾ ਤੈਅ ਕੀਤਾ। ਇਸ 'ਕੋਵਿਡ-19' ਦੇ ਸਾਲਾਂ 2020 ਤੋਂ 2022 ਦੌਰਾਨ 'ਐਨਲਾਈਟ ਕਿੱਡਜ਼ ਐਸੋਸੀਏਸ਼ਨ ਫ਼ਾਰ ਐਜੂਕੇਸ਼ਨ' ਵੱਲੋਂ ਕਰਵਾਏ ਗਏ ਦੌੜ ਦੇ ਦੋ ਈਵੈਂਟਾਂ ਵਿੱਚ 10 ਕਿਲੋਮੀਟਰ ਦੌੜ ਵਿੱਚ ਵੀ ਹਿੱਸਾ ਲਿਆ। 'ਸਕੋਸ਼ੀਆਬੈਂਕ ਵਾਟਰਫ਼ਰੰਟ' ਦੇ ਪ੍ਰਬੰਧਕਾਂ ਵੱਲੋਂ 2021 ਵਿੱਚ 'ਵਰਚੂਅਲ ਮੈਰਾਥਨ' ਲਗਾਉਣ ਦਾ ਸੱਦਾ ਦਿੱਤਾ ਗਿਆ ਸੀ ਜਿਸ ਵਿੱਚ ਟੀ.ਪੀ.ਏ.ਆਰ. ਕਲੱਬ ਦੇ ਹੋਰ ਸਾਥੀਆਂ ਨਾਲ ਉਸਨੇ ਵੀ ਭਾਗ ਲਿਆ। ਇਸ 'ਵਰਚੂਅਲ ਈਵੈਂਟ' ਦੇ ਪ੍ਰਬੰਧਕਾਂ ਵੱਲੋਂ ਕੈਲੇਡਨ ਈਸਟ ਵਿੱਚ ਕਰਵਾਏ ਗਏ ਪ੍ਰਭਾਵਸ਼ਾਲੀ ਸਮਾਗਮ ਵਿੱਚ ਦੌੜਾਕਾਂ ਨੂੰ ਵਿਸ਼ੇਸ਼ ਯਾਦਗਾਰੀ ਮੈਡਲ ਦਿੱਤੇ ਗਏ ਸਨ।


ਡਾ. ਸੁਖਦੇਵ ਸਿੰਘ ਝੰਡ
1-647-567-9128

ਇਸਦੇ ਨਾਲ ਹੀ ਸੁਖਦੇਵ ਸਿੱਧਵਾਂ ਟੀ.ਪੀ.ਏ.ਆਰ. ਕਲੱਬ ਦੇ ਆਪਣੇ ਸਾਥੀਆਂ ਦੇ ਨਾਲ ਸੀ.ਐੱਨ. ਟਾਵਰ ਦੀਆਂ 1776 ਪੌੜੀਆਂ ਚੜ੍ਹਨ ਦੇ ਈਵੈਂਟ ਵਿੱਚ ਵੀ ਲਗਾਤਾਰ ਭਾਗ ਲੈਂਦਾ ਹੈ। ਪਹਿਲੀ ਵਾਰ ਉਹ 6-7 ਦੋਸਤ ਇਸ ਕਲੱਬ ਦੇ ਬਣਨ ਤੋਂ ਪਹਿਲਾਂ ਹੀ 2013 ਵਿੱਚ ਇਹ ਪੌੜੀਆਂ ਚੜ੍ਹੇ ਸਨ ਅਤੇ ਹੁਣ ਤੱਕ ਉਹ ਅੱਠ ਵਾਰ ਇਸ ਈਵੈਂਟ ਵਿੱਚ ਭਾਗ ਲੈ ਚੁੱਕਾ ਹੈ। 2 ਮਈ ਨੂੰ ਫਿਰ ਆਪਣੇ ਸਾਥੀਆਂ ਨਾਲ ਇਸ ਵਿੱਚ ਭਾਗ ਲੈ ਰਿਹਾ ਹੈ।

ਟੀ.ਪੀ.ਏ.ਆਰ. ਕਲੱਬ ਦੀਆਂ ਵੱਖ-ਵੱਖ ਸਰਗਰਮੀਆਂ ਵਿੱਚ ਪੂਰੇ ਉਤਸ਼ਾਹ ਨਾਲ ਭਾਗ ਲੈਣ ਦੇ ਨਾਲ ਨਾਲ ਸੁਖਦੇਵ ਸਿੱਧਵਾਂ ਅਤੇ ਉਸਦੇ ਸਾਥੀ ਤਜਿੰਦਰ ਗਰੇਵਾਲ, ਰਾਕੇਸ਼ ਕੁਮਾਰ ਸ਼ਰਮਾ, ਧਰਮ ਰੰਧਾਵਾ, ਅਵਤਾਰ ਪਿੰਕੀ ਅਤੇ ਦਵਿੰਦਰ ਕਲੱਬ ਦੀ 'ਵਾਲੰਟੀਅਰ ਟੀਮ' ਵਜੋਂ ਬੜੀਆਂ ਸ਼ਾਨਦਾਰ ਸੇਵਾਵਾਂ ਨਿਭਾਅ ਰਹੇ ਹਨ। ਬਰੈਂਪਟਨ ਤੋਂ ਬਾਹਰ ਜੀ.ਟੀ.ਏ. ਦੇ ਸ਼ਹਿਰਾਂ ਪੀਟਰਬੋਰੋ, ਜੌਰਜਿਨਾ, ਟੋਰਾਂਟੋ, ਨਿਆਗਰਾ ਫ਼ਾਲਜ਼, ਆਦਿ ਸ਼ਹਿਰਾਂ ਵਿੱਚ ਹੋਣ ਵਾਲੇ ਦੌੜਾਂ ਦੇ ਈਵੈਂਟਾਂ ਅਤੇ ਪਿਕਨਿਕਾਂ/ਟੂਰਾਂ ਆਦਿ 'ਤੇ ਜਾਣ ਸਮੇਂ ਕਲੱਬ ਦੇ ਮੈਂਬਰ ਜਦੋਂ ਸਕੂਲ ਬੱਸ 'ਤੇ ਇਨ੍ਹਾਂ ਥਾਵਾਂ 'ਤੇ ਜਾਂਦੇ ਹਨ ਤਾਂ ਉਹ ਖਾਣ-ਪੀਣ ਦਾ ਆਪਣਾ 'ਪੱਕਾ ਪ੍ਰਬੰਧ' ਕਰਕੇ ਜਾਂਦੇ ਹਨ। ਆਪਣੇ ਪਰਿਵਾਰ ਬਾਰੇ ਗੱਲ ਕਰਦਿਆਂ ਸੁਖਦੇਵ ਸਿੱਧਵਾਂ ਨੇ ਦੱਸਿਆ ਕੇ ਉਸਦੇ ਦੋ ਬੱਚੇ - ਬੇਟਾ ਜਸਪੁਨੀਤ ਅਤੇ ਬੇਟੀ ਜਸਕੀਰਤ ਹਨ। ਜਸਪੁਨੀਤ ਨੇ ਬੈਚੂਲਰ ਆਫ਼ ਡੀਜ਼ਾਈਨਿੰਗ ਐਂਡ ਟੈਕਨਾਲੋਜੀ ਕਰਨ ਦੇ ਨਾਲ ਨਾਲ ਆਪਣੇ ਸ਼ੌਕ ਦੇ ਖ਼ੇਤਰ ਸੰਗੀਤ ਵਿੱਚ ਖ਼ਾਸੀ ਦਿਲਚਸਪੀ ਵਿਖਾਈ ਅਤੇ ਹੁਣ ਉਹ ਇਸ ਸਮੇਂ ਮਿਊਜ਼ਿਕ ਡਾਇਰੈੱਕਟਰ ਦੇ ਤੌਰ 'ਤੇ ਇੱਕ ਨਾਮੀ ਮਿਊਜ਼ਿਕ ਕੰਪਨੀ ਦੇ ਨਾਲ ਕੰਮ ਕਰ ਰਿਹਾ ਹੈ। ਬੇਟੀ ਜਸਕੀਰਤ ਨੇ ਟੋਰਾਂਟੋ ਯੂਨੀਵਰਸਿਟੀ ਤੋਂ ਬੀ. ਕੌਮ. ਡਿਗਰੀ ਪ੍ਰਾਪਤ ਕਰਨ ਤੋਂ ਬਾਅਦ ਅਕਾਊਂਟਸ ਦੇ ਖ਼ੇਤਰ ਵਿੱਚ ਸੀ.ਪੀ.ਏ. ਦਾ ਪ੍ਰੋਫ਼ੈਸ਼ਨਲ ਕੋਰਸ ਕੀਤਾ ਹੈ ਅਤੇ ਇਸ ਸਮੇਂ ਓਨਟਾਰੀਓ ਪ੍ਰੋਵਿੰਸ ਵਿੱਚ 'ਮੈਟਰੋ ਲਿੰਕਸ' ਵਿੱਚ ਮੈਨੇਜਰ ਵਜੋਂ ਸਰਕਾਰੀ ਨੌਕਰੀ ਕਰ ਰਹੀ ਹੈ। ਬੇਟੇ ਨੂੰ ਦੌੜਨ ਦਾ ਏਨਾ ਸ਼ੌਕ ਨਹੀਂ ਹੈ ਪਰ ਬੇਟੀ ਜਸਕੀਰਤ ਨੂੰ ਦੌੜਨ ਦਾ ਕਾਫ਼ੀ ਸ਼ੌਕ ਹੈ ਅਤੇ ਉਹ ਦੌੜਾਂ ਦੇ ਕਈ ਈਵੈਂਟਾਂ ਵਿੱਚ 10 ਕਿਲੋਮੀਟਰ ਦੌੜ ਵਿੱਚ ਭਾਗ ਲੈਂਦੀ ਹੈ। ਸੁਖਦੇਵ ਸਿੱਧਵਾਂ ਦੀ ਪਤਨੀ ਸਤਵਿੰਦਰ ਕੌਰ ਪਹਿਲਾਂ ਇੱਕ ਕੰਪਨੀ ਵਿੱਚ ਮਸ਼ੀਨ ਆਪਰੇਟਰ ਵਜੋਂ ਕੰਮ ਕਰਦੀ ਸੀ ਪਰ 2005 ਵਿੱਚ ਇੱਕ ਗੰਭੀਰ ਐਕਸੀਡੈਂਟ ਹੋ ਜਾਣ ਤੋਂ ਬਾਅਦ ਉਹ ਹੁਣ ਘਰੇਲੂ ਕੰਮ-ਕਾਜ ਹੀ ਸੰਭਾਲ ਰਹੀ ਹੈ।

ਆਪਣੇ ਹੋਰ ਸ਼ੌਕਾਂ ਬਾਰੇ ਸੁਖਦੇਵ ਸਿੱਧਵਾਂ ਨੇ ਦੱਸਿਆ ਕਿ ਉਹ ਘੁੰਮਣ ਫਿਰਨ ਦਾ ਬੜਾ ਸ਼ੌਕੀਨ ਹੈ ਅਤੇ ਕੈਨੇਡਾ ਦੀਆਂ ਮਸ਼ਹੂਰ ਥਾਵਾਂ ਵੇਖਣ ਤੋਂ ਇਲਾਵਾ ਉਹ ਆਪਣੇ ਪਰਿਵਾਰ ਦੇ ਨਾਲ ਡੁਬਈ ਅਤੇ ਫ਼ਰਾਂਸ, ਇੰਗਲੈਂਡ, ਸਪੇਨ, ਇਟਲੀ, ਆਦਿ ਦੇਸਾਂ ਦੇ ਕਈ ਸ਼ਹਿਰ ਘੁੰਮ ਚੁੱਕਾ ਹੈ। ਇਨ੍ਹਾਂ ਤੋਂ ਬਾਅਦ ਉਸਨੇ ਪਰਿਵਾਰ ਸਮੇਤ ਮੈਕਸੀਕੋ, ਹੇਤੀ ਅਤੇ ਜਮਾਇਕਾ ਦਾ ਸੱਤ ਦਿਨਾਂ ਦਾ ਕਰੂਜ਼ ਟੂਰ ਵੀ ਲਗਾਇਆ ਹੈ। ਇਸਦੇ ਨਾਲ ਹੀ ਉਸ ਨੂੰ ਘਰੇਲੂ ਬਗੀਚੀ ਵਿੱਚ ਫੁੱਲ-ਬੂਟੇ ਅਤੇ ਸਬਜ਼ੀਆਂ ਉਗਾਉਣ ਦਾ ਵੀ ਸ਼ੌਕ ਹੈ। ਬਾਗਬਾਨੀ ਦੇ ਇਸ ਸ਼ੌਕ ਵਿੱਚ ਉਸਦੀ ਪਤਨੀ ਪੂਰੀ ਦਿਲਚਸਪੀ ਲੈਂਦੀ ਹੈ ਅਤੇ ਗਰਮੀਆਂ ਦੇ ਮੌਸਮ ਵਿੱਚ ਉਹ ਘਰੇਲੂ ਬਗ਼ੀਚੀ ਵਿੱਚ ਆਪਣੇ ਹੱਥੀਂ ਉਗਾਈਆਂ ਹੋਈਆਂ ਔਰਗੈਨਿਕ ਸਬਜ਼ੀਆਂ ਖਾਂਦੇ ਹਨ। ਆਪਣੇ ਦੋ ਬੱਚਿਆਂ ਦੇ ਨਾਲ ਉਨ੍ਹਾਂ ਨੇ ਆਪਣੇ ਭਤੀਜੇ ਗੁਰਪਿੰਦਰ ਸਿੰਘ ਨੂੰ ਵੀ 'ਅਡੌਪਟ' (ਅਦੋਪਟ) ਕੀਤਾ ਹੋਇਆ ਹੈ ਜੋ ਇਸ ਸਮੇਂ 'ਐਮਾਜ਼ੋਨ' ਕੰਪਨੀ ਵਿੱਚ ਚੰਗੇ ਅਹੁਦੇ ਉੱਪਰ ਕੰਮ ਕਰ ਰਿਹਾ ਹੈ ਅਤੇ ਨਾਲ ਹੀ ਆਪਣਾ ਛੋਟਾ ਜਿਹਾ ਗਰੌਸਰੀ ਸਟੋਰ ਵੀ ਚਲਾ ਰਿਹਾ ਹੈ।

ਆਉਣ ਵਾਲੇ ਸਮੇਂ ਵਿੱਚ ਦੌੜਨ ਬਾਰੇ ਗੱਲ ਕਰਦਿਆਂ ਉਸਨੇ ਦੱਸਿਆ ਕਿ ਉਹ ਆਪਣੀ ਹਾਫ਼-ਮੈਰਾਥਨ ਦੌੜ ਤਾਂ ਇੰਜ ਹੀ ਜਾਰੀ ਰੱਖੇਗਾ ਪਰ ਇਸਦੇ ਨਾਲ ਉਸਦਾ 'ਫੁੱਲ-ਮੈਰਾਥਨ' ਲਗਾਉਣ ਦਾ ਵੀ ਵਿਚਾਰ ਹੈ। ਪ੍ਰੋਫ਼ੈਸ਼ਨਲ ਮੈਰਾਥਨ ਬਾਰੇ ਪੁੱਛਣ 'ਤੇ ਉਸਨੇ ਦੱਸਿਆ ਕਿ ਇਸਦੇ ਲਈ ਬੜੀ ਮਿਹਨਤ ਅਤੇ ਸਮੇਂ ਦੀ ਜ਼ਰੂਰਤ ਹੈ ਅਤੇ ਟੈਕਸੀ ਚਲਾਉਣ ਦੇ ਕਿੱਤੇ ਵਿੱਚ ਇਸਦੇ ਅਭਿਆਸ ਲਈ ਏਨਾ ਸਮਾਂ ਕੱਢਣਾ ਉਸਦੇ ਲਈ ਮੁਸ਼ਕਲ ਹੋ ਜਾਂਦਾ ਹੈ। ਸੁਖਦੇਵ ਸਿੱਧਵਾਂ ਆਪਣੇ ਇਸ 'ਜੀਵਨ-ਪੰਧ' 'ਤੇ ਚੱਲਦਿਆਂ ਪੂਰੀ ਤਰ੍ਹਾਂ ਸੰਤੁਸ਼ਟ ਹੈ। ਪ੍ਰਮਾਤਮਾ ਉਸ ਨੂੰ ਭਵਿੱਖ ਵਿੱਚ ਕਾਮਯਾਬੀਆਂ ਬਖ਼ਸ਼ੇ। ਇਸ ਤਰ੍ਹਾਂ ਦੇ ਸੱਭ ਕਬੀਲਦਾਰ ਦੌੜਾਕ ਸਾਡੇ ਪੰਜਾਬੀ ਸਮਾਜ ਵਿੱਚ ਪੂਰੇ ਸਤਿਕਾਰੇ ਜਾਂਦੇ ਹਨ ਅਤੇ ਸਾਡੇ ਲਈ ਇਹ ਪ੍ਰੇਰਨਾ ਦੇ ਵਧੀਆ ਸਰੋਤ ਹਨ।

## ਵਿਸਾਖੀ

ਚੜ੍ਹਦਾ ਹੈ ਚਾਅ ਖੇਤਾਂ ਦੇ ਪੁੱਤਾਂ ਨੂੰ ਜਦ ਆਏ ਵਿਸਾਖੀ।
ਵਿੱਚ ਭੜੋਲੇ ਸੋਨੇ ਰੰਗੇ ਦਾਣੇ ਜਦ ਪਾਏ ਵਿਸਾਖੀ।
ਕੱਢੀ ਜੁੱਤੀ ਚਾਦਰ ਕੁੜਤਾ ਸਿਰ ਤੇ ਸੋਹਣੀਆਂ ਪੱਗਾਂ,
ਛਿੰਝਾਂ ਵਿੱਚ ਦਮਾਮੇ ਰੌਣਕ ਹੱਟਾਂ ਤੇ ਲਾਏ ਵਿਸਾਖੀ।

ਪੰਜ ਸਿਰ ਮੰਗੇ ਦਸਮ ਪਿਤਾ ਨੇ ਸਾਜੀ ਕੌਮ ਦਲੇਰਾਂ ਦੀ,
ਸਿੰਘਾਂ ਕੌਰਾਂ ਦੇ ਸਿਰ ਸਾਡੇ ਤਾਜ ਸਜਾਏ ਵਿਸਾਖੀ।
ਮੂੰਹ ਮੋੜੇ ਲੱਖਾਂ ਫੌਜਾਂ ਦੇ 'ਕੱਲੇ-'ਕੱਲੇ ਯੋਧੇ ਨੇ,
ਜੀਂਦੇ ਛੱਡੋ ਮੁਰਦੇ ਤਾਈਂ ਜਾਨਾਂ ਪਾਏ ਵਿਸਾਖੀ।

ਗੋਲੀ ਚੱਲੀ ਅੰਮ੍ਰਿਤਸਰ ਖਾਲੀ ਹੱਥਾਂ ਤੇ ਅੰਨੇਵਾਹ,
ਭੁੱਲਿਆ ਖੂਨ ਕਿਵੇਂ ਸ਼ਹੀਦਾਂ ਦਾ ਯਾਦ ਕਰਾਏ ਵਿਸਾਖੀ।
ਲੰਡਨ ਜਾ ਕੇ ਊਧਮ ਲਾਵੇ ਸੋਧਾ ਜਾਲਮ ਗੋਰੇ ਦਾ,
ਜਸਵਿੰਦਰ ਆਖੇ ਏਦਾਂ ਸਾਡੀ ਅਣਖ ਜਗਾਏ ਵਿਸਾਖੀ।

LEGAL & BUSINESS SOLUTIONS FOR NRI'S
Property • Family • Business • Taxation Matters

ਪੰਜਾਬ ਵਿੱਚ ਜੇਕਰ ਤੁਹਾਨੂੰ ਆਪਣੇ ਜ਼ਮੀਨੀ, ਪਰਿਵਾਰਿਕ ਜਾਂ ਵਿਓਪਾਰਕ ਝਗੜੇ ਲਈ ਕਨੂੰਨੀ ਸਲਾਹ ਦੀ ਲੋੜ ਹੈ ਤਾਂ ਸਾਡੇ ਕੋਲ ਮਾਹਿਰ ਵਕੀਲਾਂ ਦੀ ਟੀਮ, ਤੁਹਾਡੇ ਸਮਲੇ ਦਾ ਹੱਲ ਕਰ ਸਕਦੀ ਹੈ, ਤੁਹਾਨੂੰ ਜਾਣ ਦੀ ਵੀ ਲੋੜ ਨਹੀਂ

PROPERTY MATTERS
ਜ਼ਮੀਨ/ਜਾਇਦਾਦ ਦੇ ਮਾਮਲੇ
- Ancestral Property Issues
- ਜੱਦੀ ਜਾਇਦਾਦ ਦੇ ਮਸਲੇ
- Wills, Estate, Probate
- ਵਸੀਅਤ, ਅਸਟੇਟ, ਪ੍ਰੋਬੇਟ
- Partition of Property
- ਜਾਇਦਾਦ ਦੀ ਵੰਡ
- Removing illegal possession or encroachments
- ਨਾਜਾਇਜ਼ ਕਬਜ਼ੇ ਦੇ ਮਾਮਲੇ
- Disputes with Municipality, Government etc.
- ਨਗਰ ਪਾਲਿਕਾ ਨਾਲ ਵਿਵਾਦ, ਸਰਕਾਰੀ ਝਗੜੇ

FAMILY MATTERS
ਪਰਿਵਾਰਕ ਝਗੜੇ
- Divorce and Separation
- ਤਲਾਕ ਦੇ ਮਾਮਲੇ
- Maintenance or Alimony
- ਰੱਖ-ਰਖਾਵ ਜਾਂ ਗੁਜ਼ਾਰਾ
- Matrimonial Property disputes
- ਵਿਆਹੁਤਾ ਸੰਪਤੀ ਵਿਵਾਦ
- Child Custody
- ਬੱਚੇ ਦੀ ਹਿਰਾਸਤ

BUSINESS/COMMERCIAL DISPUTES
ਵਿਓਪਾਰਕ ਝਗੜੇ
- Startup business in India (we provide services from incorporation to commencement)
- ਭਾਰਤ ਵਿੱਚ ਕਾਰੋਬਾਰ ਸ਼ੁਰੂ ਕਰਨ ਲਈ ਹਰ ਤਰ੍ਹਾਂ ਦੀ ਸਹਾਇਤਾ ਕਰਦੇ ਹਾਂ
- Business outsourcing
- ਵਪਾਰ ਆਊਟਸੋਰਸਿੰਗ
- Taxation issues
- ਟੈਕਸ ਦੇ ਮਸਲੇ
- Partnership disputes
- ਭਾਈਵਾਲੀ ਦੇ ਝਗੜੇ
- Breach of contract, recovery of unpaid dues
- ਇਕਰਾਰਨਾਮੇ ਦੀ ਉਲੰਘਣਾ, ਅਦਾ ਨਾ ਕੀਤੇ ਬਕਾਏ ਦੀ ਵਸੂਲੀ

INDOWORLD BUSINESS SOLUTIONS INC.
Contact:
Indoworld Business Solutions
Phone: 416-840-4365
Email: info@indoworldbusinesssolutions.com

ACCESS PERSONNEL RESOURCES INC.
TEMPORARY STAFFING AGENCY
WE ARE HIRING
Join Our Team

OPEN POSITION
- General Labour
- Forklift Operators
- Sanitation Workers
- Machine Operators
- Mixers/Bakers
- Shippers/Receivers

REQUIREMENTS:
The person should be fluent in english, able to work long hours.
The person should be able to work full time with valid work permit or PR holders

APPLY NOW

Send your resume
disptach.accesspersonnel@gmail.com
Contact: 416-675-2288

Shift Available
Morning
Afternoon
Night

# ਗੁਰੂ ਜੀ ਨੇ ਅੱਜ ਦੇ ਦਿਨ ਖਾਲਸਾ ਪੰਥ ਸਾਜਿਆ... !



ਕੀ ਵਾਪਰਿਆ ਸੀ ਇਸ ਦਿਨ, ਸਧਾਰਨ ਲਫ਼ਜ਼ਾਂ ਵਿੱਚ ਇਹ ਆਖਿਆ ਜਾਂਦਾ ਹੈ ਕਿ ਅੱਜ ਦੇ ਦਿਨ ਖਾਲਸਾ ਪੰਥ ਸਾਜਿਆ ਗਿਆ ਸੀ। ਜਾਂ ਇਓਂ ਕਹਿ ਲਓ ਅੱਜ ਖ਼ਾਲਸੇ ਦਾ ਜਨਮ ਦਿਨ ਹੈ। ਪਰ ਬਰੀਕੀ ਨਾਲ ਸੋਚਿਆ ਜਾਵੇ ਤਾਂ, ਅੱਜ ਦੇ ਦਿਨ ਇੱਕ ਐਸੀ ਘਟਨਾ ਘਟੀ ਸੀ ਜਿਸ ਦਾ ਅਸਰ ਸਿਰਫ ਪੰਜਾਬ ਉੱਤੇ ਜਾਂ ਭਾਰਤ ਉੱਪਰ ਹੀ ਨਹੀਂ ਸੀ ਪਿਆ ਬਲਕਿ ਸਾਰੀ ਦੁਨੀਆ ਉੱਤੇ ਪਿਆ ਸੀ। ਅੱਜ ਦੇ ਦਿਨ ਪ੍ਰੇਮ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਤਲਵਾਰ ਦੀ ਨੋਕ ਨਾਲ ਨਵੇਂ ਸਿਰੇ ਦੁਨੀਆ ਦਾ ਇਤਿਹਾਸ ਸਿਰਜਿਆ ਸੀ।

ਦੁਨੀਆਂ ਵਿੱਚ ਹਰ ਪਾਸੇ ਰਾਜਿਆਂ ਕਾਣਿਆਂ ਦਾ ਰਾਜ ਭਾਗ ਸੀ। ਉਹਨਾਂ ਦੀ ਮਰਜ਼ੀ ਤੋਂ ਬਿਨਾਂ ਪੱਤਾ ਨਹੀਂ ਸੀ ਝੂਲਦਾ। ਕੋਈ ਉਹਨਾਂ ਦੇ ਖਿਲਾਫ਼ ਇੱਕ ਲਫ਼ਜ਼ ਭੀ ਬੋਲਦਾ ਸੀ ਉਹਦੀ ਜ਼ਬਾਨ ਕੱਟ ਦਿੱਤੀ ਜਾਂਦੀ ਸੀ। ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਉਨ੍ਹਾਂ ਦੀ ਬਾਦਸ਼ਾਹਾਤ ਦੀ ਲੰਕਾ ਨੂੰ ਢਾਹ ਕੇ ਲੋਕ ਰਾਜ ਦੀ ਨੀਂਹ ਪੱਥਰ ਰੱਖਿਆ ਸੀ ਜੋ ਕਿ ਅੱਜ ਸਾਰੀ ਦੁਨੀਆਂ ਉੱਤੇ ਕਾਮਯਾਬ ਹੋ ਗਿਆ ਹੈ। ਕੀ ਰਾਜੇ ਕੀ ਰਾਣੇ ਆਪੋ ਆਪਣੀ ਥਾਂ ਕੰਬਣ ਲੱਗ ਪਏ ਅਤੇ ਆਮ ਜਨਤਾ ਦੇ ਨਦਰ ਬਖ਼ਸ਼ੀਸ਼ ਹੋ ਰਹੀ ਹੈ।

"ਜਿਥੇ ਨੀਚ ਸਮਾਲੀਅਨ, ਉੱਥੇ ਨਜ਼ਰ ਤੇਰੀ ਬਖ਼ਸ਼ੀਸ਼"

ਅਮਰੀਕਾ ਦੇ ਰਾਸ਼ਟਰਪਤੀ ਇਬਰਾਹੀਮ ਲਿੰਕਨ ਨੇ ਪਰਜਾਤੰਤਰ ਦੀ ਪਰਭਾਸ਼ਾ ਕੀਤੀ ਸੀ, "Democracy is the government of the people, by the people and for the people." ਪਰ ਇਸ ਲੋਕ ਰਾਜ ਦੇ ਪਹਿਲੇ ਪੂਰਨੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਾਏ ਸਨ। ਜਿਥੇ ਉਨ੍ਹਾਂ ਨੇ ਪੰਜ ਪਿਆਰਿਆਂ ਨੂੰ ਇੱਕੋ ਬਾਟੇ ਵਿਚੋਂ ਅੰਮ੍ਰਿਤ ਛਕਾ ਕੇ ਊਚ ਨੀਚ ਦਾ ਭੇਦ ਮਿਟਾ ਦਿੱਤਾ ਸੀ, ਅਤੇ ਉਹਨਾਂ ਪਾਸੋਂ ਅੰਮ੍ਰਿਤ ਪਾਨ ਕਰਕੇ ਰਾਜੇ ਤੇ ਰੰਕ ਦਾ ਭੇਦ ਮਿਟਾ ਦਿੱਤਾ ਸੀ।

ਗੁਰੂ ਜੀ ਨੇ ਧਰਮ ਗੁੰਝਲਾਂ ਦੇ ਪਲਟੇ ਖੋਲ੍ਹ ਦਿੱਤੇ, ਭਰਮ ਭੁਲੇਖੇ ਦੀਆਂ ਪੀਡੀਆਂ ਗੰਢਾਂ ਖੋਲ੍ਹ ਦਿੱਤੀਆਂ, ਨਾ ਰਸਮ ਰਹਿਣ ਦਿੱਤੀ, ਨਾ ਜਾਤ ਰਹਿਣ ਦਿੱਤੀ ਅਤੇ ਨਾ ਦੇਵੀ ਦੇਵਤਿਆਂ ਤੇ ਅਵਤਾਰਾਂ ਦੀ ਹਕੂਮਤ ਰਹਿਣ ਦਿੱਤੀ। ਐਡਾ ਵੱਡਾ ਬੋਝ ਮਨੁੱਖ ਦੀ ਬੁੱਧੀ ਤੋਂ ਲਹਿ ਗਿਆ ਤਾਂ ਜ਼ਰੂਰੀ ਸੀ ਕਿ ਤੇਜ਼ ਦਾ ਪ੍ਰਕਾਸ਼ ਹੁੰਦਾ, ਦਲੇਰੀ ਜਾਗਦੀ, ਬਹਾਦਰੀ ਭੜਕ ਉਠਦੀ, ਗੁਰੂ ਸਾਹਿਬ ਨੇ ਇਸ ਬੀਰਤਾ ਨੂੰ ਅੱਜ ਦੇ ਦਿਨ ਜੱਥੇਬੰਦ ਕੀਤਾ ਸੀ ਤੇ ਸੁਤੰਤਰਤਾ ਦੇ ਉਡਦੇ ਘੋੜੇ ਨੂੰ ਪ੍ਰੇਮ ਤੇ ਇਨਸਾਫ਼ ਦੀਆਂ ਲਗਾਮਾਂ ਪਾਈਆਂ ਸਨ। ਚਾਲੀ ਸਾਲ ਦੀ ਸੰਖੇਪ ਜਿਹੀ ਉਮਰ ਵਿੱਚ ਕਈ ਉਮਰਾਂ ਦਾ ਕੰਮ ਮੁਕੰਮਲ ਕੀਤਾ ਸੀ।



ਗੁਰੂ ਜੀ ਦਾ ਮਿਸ਼ਨ ਕੋਈ ਵਖਰਾ ਮਜਬ ਚਲਾਉਣਾ ਨਹੀਂ ਸੀ ਸਗੋਂ ਖਾਲਸਾ ਸੇਵਕਾਂ ਦੀ ਇੱਕ ਮੁਕਤੀ ਫ਼ੌਜ ਜੋੜਨਾ ਸੀ। ਉਹਨਾਂ ਨੂੰ ਮੁਲਕਗੀਰੀ ਦੀ ਹਵਸ ਨਹੀਂ ਸੀ। ਉਹਨਾਂ ਦਾ ਨਿਸ਼ਾਨਾ ਤਾਂ ਖਾਲਸਾ ਪੰਥ ਸੀ ਜਿਹੜਾ ਆਪਣਾ ਹੱਕ ਛੱਡ ਕੇ ਦੂਜਿਆਂ ਦੇ ਹੱਕਾਂ ਦੀ ਰਾਖੀ ਕਰ ਸਕੇ। ਨਵਾਂ ਮਜਬ ਚਲਾ ਲੈਣਾ ਕੋਈ ਔਖਾ ਨਹੀਂ ਸੀ ਉਹਨਾਂ ਲਈ। ਪਰ ਉਹਨਾਂ ਦਾ ਮਿਸ਼ਨ ਸੀ ਖਾਲਸਾ ਸੇਵਕਾਂ ਦੀ ਇੱਕ ਮੁਕਤੀ ਫੌਜ ਤਿਆਰ ਕਰਨਾ, ਜਿਹੜੀ ਇਨਸਾਫ ਦੀ ਰਾਖੀ ਤੇ ਲੋੜਵੰਦਾਂ ਦੀ ਮਦਦ ਕਰ ਸਕੇ।

ਅੱਜ ਅਸੀਂ ਇੱਕ ਦੂਜੇ ਨੂੰ ਵੇਖ ਵੇਖ ਕੇ ਅੰਮ੍ਰਿਤ ਸ਼ਕਣ ਬਾਰੇ ਬੜੀਆਂ ਗੱਲਾਂ ਕਰਦੇ ਹਾਂ। ਕੀ ਚੀਜ਼ ਇਹ ਅੰਮ੍ਰਿਤ,

"ਅੰਮ੍ਰਿਤ ਹਰਿ ਹਰਿ ਨਾਮ ਹੈ ਮੇਰੀ ਜਿੰਦੜੀਏ।"

ਅੰਮ੍ਰਿਤ ਤਾਂ ਹਰੀ ਦਾ ਨਾਮ ਹੈ, ਜੋ ਗੁਰਬਾਣੀ ਵਿੱਚ ਮੌਜੂਦ ਹੈ। ਗੁਰੂ ਸਾਹਿਬ ਨੇ ਤਾਂ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰਕੇ ਉਸ ਨੂੰ ਮਰਿਆਦਾ ਬੱਧ ਕੀਤਾ ਸੀ। ਬਾਣੀ ਦੇ ਨਾਲ ਬਾਣਾ ਦੇ ਕੇ ਖਾਲਸੇ ਨੂੰ ਸਾਰੀ ਮਨੁੱਖਤਾ ਦਾ ਸਰਦਾਰ ਬਣਾਇਆ ਸੀ। ਅੰਮ੍ਰਿਤ ਤਿਆਰ ਕਰਨ ਲਈ ਗੁਰੂ ਜੀ ਨੇ ਪੰਜ ਚੀਜ਼ਾਂ ਦਾ ਇਸਤੇਮਾਲ ਕੀਤਾ ਸੀ। ਬਾਣੀ, ਪਾਣੀ, ਖੰਡਾ, ਬਾਟਾ ਤੇ ਪਤਾਸੇ। ਇਹਨਾਂ ਪੰਜਾਂ ਚੀਜ਼ਾਂ ਦੇ ਆਪਣੇ ਆਪਣੇ ਗੁਣ ਹਨ, ਜਿਨ੍ਹਾਂ ਨੂੰ ਗੁਰੂ ਜੀ ਆਪਣੇ ਸਿੱਖਾਂ ਵਿੱਚ ਪੈਦਾ ਕਰਨਾ ਚਾਹੁੰਦੇ ਸਨ।

1. ਬਾਣੀ ਪ੍ਰਭੂ ਦੇ ਗੁਣਾਂ ਦਾ ਭੰਡਾਰ ਹੈ। ਉਹ ਸਾਰੇ ਗੁਣ ਜਿਹੜੇ ਪ੍ਰਭੂ ਦੇ ਦੱਸਦੀ ਹੈ, ਉਹ ਅੰਮ੍ਰਿਤ ਛਕਣ ਵਾਲੇ ਸਿੱਖਾਂ ਦੇ ਹਿਰਦੇ ਵਿੱਚ ਵੀ ਪ੍ਰਗਟ ਹੋਣੇ ਚਾਹੀਦੇ ਹਨ।

2. ਪਾਣੀ ਦੇ ਵੀ ਮਹਾਨ ਗੁਣ ਹਨ, ਜਿਵੇਂ ਕਿ ਸ਼ੀਲਤਾ, ਨਿਰਮਲਤਾ, ਸਰਲਤਾ ਤੇ ਨਿਮਰਤਾ। ਗੁਰਬਾਣੀ ਵਿੱਚ ਸਭ ਜੀਵਾਂ ਦਾ ਜੀਵਨ ਅਧਾਰ ਮੰਨਿਆ ਜਾਂਦਾ ਹੈ।

"ਪਹਿਲਾ ਪਾਣੀ ਜੀਓ ਹੈ, ਜਿੱਤ ਹਰਿਆ ਸਭ ਕੋਇ"।

ਜਿਵੇਂ ਪਾਣੀ ਸਭ ਚੀਜ਼ਾਂ ਦੀ ਮੈਲ ਧੋ ਦਿੰਦਾ ਹੈ। ਉਸੇ ਤਰ੍ਹਾਂ ਨਾਮ ਅੰਮ੍ਰਿਤ ਸਿੱਖਾਂ ਦੀ ਜਨਮ ਜਨਮ ਦੀ ਮੈਲ ਧੋ ਦਿੰਦਾ ਹੈ।

3. ਖੰਡਾ ਪ੍ਰਤੀਕ ਹੈ ਸ਼ਕਤੀ ਦਾ, ਪਰ ਸ਼ਕਤੀ ਨਾਲ ਭਗਤੀ ਦਾ ਮੇਲ ਜ਼ਰੂਰੀ ਹੈ। ਜਿਸ ਪਾਸ ਭਗਤੀ ਤੋਂ ਬਿਨਾਂ ਸ਼ਕਤੀ ਆ ਜਾਂਦੀ ਹੈ, ਉਹ ਜਾਲਮ ਬਣ ਜਾਂਦਾ ਹੈ। ਨਿਰਮਲ ਹਿਰਦੇ ਵਾਲੇ ਗੁਰਸਿੱਖ ਕੋਲ ਜੇ ਸ਼ਕਤੀ ਆਵੇਗੀ ਉਹ ਉਸ ਨੂੰ ਪਰਉਪਕਾਰ ਲਈ ਵਰਤੇਗਾ, ਜ਼ੁਲਮ ਲਈ ਨਹੀਂ।

4. ਬਾਟਾ ਪ੍ਰਤੀਕ ਹੈ ਗਹਿਰ ਗੰਭੀਰਤਾ ਦਾ, ਵਿਸ਼ਾਲਤਾ ਦਾ। ਅੰਮ੍ਰਿਤ ਤਿਆਰ ਕਰਨ ਸਮੇਂ ਗੁਰੂ ਜੀ ਬਾਟੇ ਦੀ ਥਾਂ ਗਾਗਰ ਜਾਂ ਘੜੇ ਦੀ ਵਰਤੋਂ ਕਿਉਂ ਨਹੀਂ ਕੀਤੀ , ਕਿਉਂਕਿ ਕਿ ਗਾਗਰ ਜਾਂ ਘੜੇ ਦਾ ਮੂੰਹ ਤੰਗ ਹੁੰਦਾ ਹੈ ਤੇ ਬਾਟੇ ਦਾ ਮੂੰਹ ਖੁੱਲ੍ਹਾ ਡੁੱਲਾ ਤੇ ਵਿਸ਼ਾਲ ਹੁੰਦਾ ਹੈ। ਗੁਰੂ ਜੀ ਚਾਹੁੰਦੇ ਸੀ ਕਿ ਸਿੱਖਾਂ ਦੇ ਹਿਰਦੇ ਵਿਸ਼ਾਲ ਹੋਣ। ਕੋਈ ਤੰਗ ਦਿਲ ਆਦਮੀ ਮੇਰਾ ਸਿੱਖ ਨਹੀਂ ਹੋ ਸਕਦਾ।

5. ਪਤਾਸੇ ਪ੍ਰਤੀਕ ਹਨ ਮਿਠਾਸ ਦੇ। ਹਿਰਦੇ ਦੀ ਨਿਰਮਲਤਾ ਤੇ ਮਿੱਠਾ ਬੋਲਣਾ ਗੁਰੂ ਕੇ ਸਿੱਖ ਗੁਣ ਹਨ।

"ਮਿੱਠਤ ਨੀਵੀਂ ਨਾਨਕਾ ਗੁਣ ਚੰਗਿਆਈਆਂ ਤੱਤ"

ਜਿਸਦਾ ਹਿਰਦਾ ਹਉਂਮੇ ਹੰਕਾਰ ਨਾਲ ਭਰਿਆ ਤੇ ਮੂੰਹੋਂ ਕੌੜੇ ਬੋਲ ਬੋਲਦਾ ਹੋਵੇ ਉਹ ਸਿੱਖੀ ਤੋਂ ਕੋਹਾਂ ਦੂਰ ਹੈ। ਸੋ ਜਿਸ ਗੁਰੂ ਕੇ ਸਿੱਖ ਨੇ ਅੰਮ੍ਰਿਤ ਤਿਆਰ ਕਰਨ ਵਾਲੀਆਂ ਪੰਜ ਚੀਜ਼ਾਂ ਦੇ ਗੁਣ ਧਾਰਨ ਕਰ ਲਏ ਉਹ ਪਰਉਪਕਾਰੀ ਬਣ ਕੇ ਖ਼ਾਲਸਾ ਕਹਾ ਸਕਦਾ ਹੈ ਤੇ ਜਿਸ ਨੇ ਸਿਰਫ ਬਾਣਾ ਹੀ ਬਦਲਿਆ ਹੈ ਉਹ ਤਾਂ,

"ਕੇਸ ਧਾਰੇ ਪਹੁਲ ਬਿਨਾ, ਭੇਖੀ ਮੂਰਖ ਸਿੱਖ"

ਲੇਖਕ-ਮਲਕੀਤ ਸਿੱਧੂ ਸੇਖਾ " ਰਿਜਾਇਨਾ " ਕੈਨੇਡਾ

# ਜੱਟਾ ਆਈ ਵਿਸਾਖੀ...



ਪੂਰੀ ਦੁਨੀਆ ਵਿੱਚ ਪੰਜਾਬੀ ਬਹਾਦਰ, ਨਿਡਰ ਅਤੇ ਅੜਬ ਸੁਭਾਅ ਦੇ ਖੁੱਲੇ ਦਿਲ ਵਾਲੇ ਅਤੇ ਮਜ਼ਲੂਮਾਂ ਦੀ ਰੱਖਿਆ ਕਰਨ ਵਾਲੀ ਕੌਮ ਵਜੋਂ ਜਾਣੇ ਜਾਂਦੇ ਹਨ। ਇਨ੍ਹਾਂ ਦੀ ਹਰ ਅਦਾ 'ਤੇ ਫ਼ਿਦਾ ਹੋਣ ਨੂੰ ਦਿਲ ਕਰਦਾ ਹੈ। ਜਿੱਥੇ ਵੀ ਚਾਰ ਪੰਜਾਬੀ ਇਕੱਠੇ ਮਿਲ ਬੈਠਦੇ ਹਨ, ਉੱਥੇ ਇੰਝ ਲੱਗਦਾ ਹੈ ਜਿਵੇਂ ਮੇਲੇ ਦਾ ਮਾਹੌਲ ਹੋਵੇ, ਪਰ ਜੇਕਰ ਪੰਜਾਬ ਵਿੱਚ ਸਚਮੁੱਚ ਹੀ ਕੋਈ ਮੇਲਾ ਹੋਵੇ ਤਾਂ ਜੋ ਰੌਣਕ ਤੇ ਖੁਸ਼ੀ ਪੰਜਾਬੀਆਂ ਦੇ ਚਿਹਰੇ 'ਤੇ ਨਜ਼ਰ ਪੈਂਦੀ ਹੈ, ਉਸ ਨੂੰ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਪੰਜਾਬ ਮੇਲਿਆਂ ਦੀ ਧਰਤੀ ਹੈ ਜਿੱਥੇ ਹਰ ਬਦਲਦੀ ਰੁੱਤ ਦੇ ਮੇਲੇ ਹਨ, ਧਾਰਮਿਕ ਮੇਲੇ ਹਨ ਅਤੇ ਸੱਭਿਆਚਾਰਕ ਮੇਲੇ ਵੀ ਹਨ। ਇਨ੍ਹਾਂ ਮੇਲਿਆਂ ਵਿੱਚੋਂ ਹੀ ਵਿਸਾਖੀ ਦਾ ਮੇਲਾ ਇੱਕ ਅਜਿਹਾ ਮੇਲਾ ਹੈ ਜਿਹੜਾ ਰੁੱਤਾਂ ਨਾਲ, ਕਿਸਾਨੀ ਨਾਲ, ਖਾਲਸਾ ਪੰਥ ਦੀ ਸਾਜਨਾ ਨਾਲ ਸਬੰਧ ਰੱਖਦਾ ਹੈ।

ਦੇਸ਼ ਲਈ ਕੁਰਬਾਨੀਆਂ ਵੀ ਸਭ ਤੋਂ ਵੱਧ ਪੰਜਾਬੀਆਂ ਦੇ ਹੀ ਹਿੱਸੇ ਆਈਆਂ ਹਨ ਤੇ ਵਿਸਾਖੀ ਵਾਲੇ ਦਿਨ ਵਾਪਰਿਆ ਜੱਲ੍ਹਿਆਂਵਾਲੇ ਬਾਗ਼ ਦਾ ਖ਼ੂਨੀ ਸਾਕਾ ਵੀ ਇਸ ਤਿਉਹਾਰ ਨਾਲ ਸਦੀਵੀ ਤੌਰ 'ਤੇ ਜੁੜ ਗਿਆ ਹੈ। ਸਿੱਖ ਪੰਥ ਲਈ ਵਿਸਾਖੀ ਦਾ ਤਿਉਹਾਰ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਇਸ ਇਤਿਹਾਸਕ ਦਿਨ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਨੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਖਾਲਸਾ ਪੰਥ ਦੀ ਸਾਜਨਾ ਕੀਤੀ ਸੀ। ਵਿਸਾਖੀ ਨਾਲ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਜੁੜੀਆਂ ਹੋਣ ਸਦਕਾ ਇਸ ਦਿਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ, ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਵਿਸਾਖੀ ਦਾ ਭਾਰੀ ਮੇਲਾ ਲੱਗਦਾ ਹੈ ਅਤੇ ਨਾਲ ਹੀ ਪੰਜਾਬ ਦੇ ਸਾਰੇ ਗੁਰਦੁਆਰਿਆਂ ਵਿੱਚ ਧਾਰਮਿਕ ਦੀਵਾਨ ਸਜਾਏ ਜਾਂਦੇ ਹਨ ਜਿੱਥੇ ਸੰਗਤ ਸ਼ਰਧਾ ਭਾਵਨਾ ਨਾਲ ਜੁੜ ਬੈਠਦੀ ਹੈ ਅਤੇ ਪੂਰਾ ਦਿਨ ਅੰਮ੍ਰਿਤ ਬਾਣੀ ਦਾ ਪਰਵਾਹ ਚੱਲਦਾ ਰਹਿੰਦਾ ਹੈ।

ਵਿਸਾਖੀ ਪੰਜਾਬ ਦਾ ਸਭ ਤੋਂ ਵੱਧ ਮਹੱਤਵ ਵਾਲਾ ਤਿਉਹਾਰ ਹੈ। ਪੰਜਾਬ ਦਾ ਕੌਮੀ ਤਿਉਹਾਰ ਵਿਸਾਖੀ ਪੰਜਾਬੀਆਂ ਦੀ ਆਰਥਿਕ ਖੁਸ਼ਹਾਲੀ ਦਾ ਪ੍ਰਤੀਕ ਹੈ। ਸੱਭਿਆਚਾਰਕ, ਸਮਾਜਿਕ ਅਤੇ ਧਾਰਮਿਕ ਪੱਖ ਦੇ ਨਾਲ ਨਾਲ ਕਿਸਾਨੀ ਜੀਵਨ ਵਿੱਚ ਇਹ ਤਿਉਹਾਰ ਖਾਸ ਮਹੱਤਵ ਰੱਖਦਾ ਹੈ। ਇਸ ਰੁੱਤੇ ਹਾੜੀ ਦੀ ਫ਼ਸਲ ਪੱਕ ਕੇ ਤਿਆਰ ਹੋ ਚੁੱਕੀ ਹੁੰਦੀ ਹੈ ਤੇ ਕਿਸਾਨ ਵਾਢੀ ਕਰਕੇ ਪੂਰੇ ਵਰ੍ਹੇ ਦੀ ਅਣਥੱਕ ਮਿਹਨਤ ਦਾ ਫ਼ਲ ਪ੍ਰਾਪਤ ਕਰ ਰਹੇ ਹੁੰਦੇ ਹਨ। ਪੰਜਾਬ ਦੇ ਬਹੁਤਿਆਂ ਪਿੰਡਾਂ ਵਿੱਚ ਲੱਗਣ ਵਾਲੇ ਵਿਸਾਖੀ ਦੇ ਮੇਲੇ ਦੀਆਂ ਰੌਣਕਾਂ ਵੇਖਣ ਵਾਲੀਆਂ ਹੁੰਦੀਆਂ ਹਨ। ਗੱਭਰੂ ਅਤੇ ਮੁਟਿਆਰਾ ਸੱਜ ਧੱਜ ਕੇ ਮੇਲੇ ਨੂੰ ਜਾਂਦੇ ਹਨ, ਜਿੱਥੇ ਉਹ ਆਪਣੇ ਮਨ ਦੇ ਚਾਅ ਅਤੇ ਸੱਧਰਾਂ ਨੂੰ ਹੱਸ ਗਾ ਕੇ ਭੰਗੜੇ ਪਾ ਕੇ ਪੂਰਾ ਕਰਦੇ ਹਨ। ਬੱਚੇ, ਬੁੱਢੇ, ਔਰਤਾਂ, ਗੱਭਰੂ ਅਤੇ ਮੁਟਿਆਰਾਂ ਮੇਲੇ ਵਿੱਚ ਲੱਗੇ ਚੰਡੋਲ ਝੂਟਦੇ ਪਕੌੜੇ, ਜਲੇਬੀਆਂ ਅਤੇ ਮਠਿਆਈਆਂ ਖਾਂਦੇ, ਮੇਲੇ ਵਿੱਚ ਲੱਗੀਆਂ ਦੁਕਾਨਾਂ ਤੋਂ ਆਪਣੀਆਂ ਮਨਪਸੰਦ ਚੀਜ਼ਾਂ ਖਰੀਦਦੇ ਅਤੇ ਮੇਲੇ ਦਾ ਪੂਰਾ ਲੁਤਫ਼ ਉਠਾਉਂਦੇ ਹਨ।

ਵਿਸਾਖੀ ਦੇ ਮੇਲੇ ਨੂੰ ਪੰਜਾਬੀ ਅਦਬ, ਪੰਜਾਬੀ ਸੰਗੀਤ ਵਿੱਚ ਬੇਹੱਦ ਖੂਬਸੂਰਤੀ ਨਾਲ ਵਰਣਨ ਕੀਤਾ ਗਿਆ ਹੈ। ਕਹਾਣੀਕਾਰਾਂ, ਨਾਟਕਕਾਰਾਂ, ਨਾਵਲਕਾਰਾਂ, ਕਵੀਆਂ ਅਤੇ ਗੀਤਕਾਰਾਂ ਨੇ ਵਿਸਾਖੀ ਦੇ ਮੇਲੇ ਨੂੰ ਬੇਹੱਦ ਖ਼ੂਬਸੂਰਤੀ ਨਾਲ ਬਿਆਨ ਕੀਤਾ ਹੈ। ਜੇਕਰ ਗੱਲ ਕਰੀਏ ਕਵਿਤਾਵਾਂ ਵਿੱਚ ਵਿਸਾਖੀ ਦੇ ਮੇਲੇ ਦੇ ਜ਼ਿਕਰ ਦੀ ਤਾਂ ਸਭ ਤੋਂ ਪਹਿਲਾਂ ਜੋ ਕਵਿਤਾ ਪੰਜਾਬੀਆਂ ਵਿੱਚ ਵਿਸਾਖੀ ਦੇ ਮੇਲੇ ਦੀ ਬੇਹੱਦ ਮਕਬੂਲ ਹੈ, ਉਹ ਹੈ ਲਾਲਾ ਧਨੀ ਰਾਮ ਚਾਤ੍ਰਿਕ ਦੀ ਲਿਖੀ ਕਵਿਤਾ 'ਵਿਸਾਖੀ ਦਾ ਮੇਲਾ' ਜਿਸ ਦੇ ਬੋਲ ਹਨ;

ਪੱਕ ਪਈਆਂ ਕਣਕਾਂ, ਲੁਕਾਠ ਰੱਸਿਆ,
ਬੂਰ ਪਿਆ ਅੰਬਾਂ ਨੂੰ, ਗੁਲਾਬ ਹੱਸਿਆ।

ਬਾਗ਼ਾਂ ਉੱਤੇ ਰੰਗ ਫੇਰਿਆ ਬਹਾਰ ਨੇ,
ਬੇਰੀਆਂ ਲਿਫਾਈਆਂ ਟਾਹਣੀਆਂ ਦੇ ਭਾਰ ਨੇ।

ਪੁੰਗਰੀਆਂ ਵੱਲਾਂ, ਵੇਲਾਂ ਰੁੱਖੀਂ ਚੜ੍ਹੀਆਂ,
ਫੁੱਲਾਂ ਹੇਠੋਂ ਫਲਾਂ ਨੇ ਪਰੋਈਆਂ ਲੜੀਆਂ।

ਸਾਈਂ ਦੀ ਨਿਗਾਹ ਜੱਗ ਤੇ ਸਵੱਲੀ ਏ,
ਚੱਲ ਨੀ ਪਰੇਮੀਏਂ ! ਵਿਸਾਖੀ ਚੱਲੀਏ।

ਧਨੀ ਰਾਮ ਚਾਤ੍ਰਿਕ ਦੀ ਦੂਸਰੀ ਸਭ ਤੋਂ ਵੱਧ ਮਕਬੂਲ ਕਵਿਤਾ ਜੋ ਅਕਸਰ ਵਿਸਾਖੀ ਦੇ ਮੇਲੇ ਦੌਰਾਨ ਗਾਈ ਜਾਂਦੀ ਹੈ ਉਹ ਹੈ 'ਮੇਲੇ ਵਿੱਚ ਜੱਟ।'

ਤੂੜੀ ਤੰਦ ਸਾਂਭ, ਹਾੜੀ ਵੇਚ ਵੱਟ ਕੇ,
ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ।

ਮੀਹਾਂ ਦੀ ਉਡੀਕ ਤੇ ਸਿਆੜ ਕੱਢ ਕੇ,
ਮਾਲ ਢਾਂਡਾ ਸਾਂਭਣੇ ਨੂੰ ਕਾਮਾਂ ਛੱਡ ਕੇ।

ਪੱਗ ਝੱਗਾ ਚਾਦਰ ਨਵੇਂ ਸਿਵਾਇ ਕੇ,
ਸੰਮਾਂ ਵਾਲੀ ਡਾਂਗ ਉਤੇ ਤੇਲ ਲਾਇ ਕੇ।

ਕੱਛੇ ਮਾਰ ਵੰਝਲੀ ਅਨੰਦ ਛਾ ਗਿਆ,
ਮਾਰਦਾ ਦਮਾਮੇ, ਜੱਟ ਮੇਲੇ ਆ ਗਿਆ।

ਵਿਸਾਖੀ ਦੇ ਮੇਲੇ ਤੇ ਇਹ ਕਵਿਤਾਵਾਂ ਸਭ ਤੋਂ ਵੱਧ ਢੁੱਕਵੀਆਂ ਤੇ ਮਕਬੂਲ ਹਨ। ਪੰਜਾਬੀ ਲੋਕ ਗਾਇਕੀ ਵਿੱਚ ਵੱਖ ਵੱਖ ਗਾਇਕਾਂ ਵੱਲੋਂ ਵਿਸਾਖੀ ਦੇ ਮੇਲੇ 'ਤੇ ਗਾਏ ਅਣਗਿਣਤ ਗੀਤ ਸੁਣਨ ਨੂੰ ਮਿਲਦੇ ਹਨ, ਜਿਨ੍ਹਾਂ ਵਿੱਚ ਸੰਖੇਪ ਰੂਪ ਵਿੱਚ ਕੁਝ ਚੋਣਵੇ ਗੀਤਾਂ ਦਾ ਇੱਥੇ ਜ਼ਿਕਰ ਕਰਾਂਗਾ। ਪੰਜਾਬੀ ਲੋਕ ਗਾਇਕੀ ਵਿੱਚ ਲਾਲ ਚੰਦ ਯਮਲਾ ਜੱਟ ਦਾ ਉੱਚਾ ਨਾਂ ਹੈ, ਉਸ ਵੱਲੋਂ ਗਾਇਆ ਵਿਸਾਖੀ ਦਾ ਗੀਤ 'ਅੱਜ ਦਿਨ ਵਿਸਾਖੀ ਦਾ ਲੋਕੋ ਹਰ ਥਾਂ ਮਨਾਇਆ ਜਾ ਰਿਹਾ' ਪੁਰਾਣੇ ਸਮੇਂ ਵਿੱਚ ਪੰਜਾਬ ਦੇ ਹਰ ਘਰ ਵਿੱਚ ਵੱਜਦਾ ਹੁੰਦਾ ਸੀ। ਲੋਕ ਗਾਇਕੀ ਵਿੱਚ ਨਰਿੰਦਰ ਬੀਬਾ ਦਾ ਨਾਂ ਬਹੁਤ ਅਦਬ ਨਾਲ ਲਿਆ ਜਾਂਦਾ ਹੈ। ਉਸ ਨੇ ਬਹੁਤ ਸਾਰੇ ਉਪੇਰੇ ਗਾਏ ਹਨ। ਵਿਸਾਖੀ ਦੇ ਮੇਲੇ 'ਤੇ ਗਾਇਆ ਉਸ ਦਾ ਉਪੇਰਾ ਸੁਣਨ ਲਾਇਕ ਹੈ ਜਿਸ ਵਿੱਚ ਉਸ ਨੇ ਵਿਸਾਖੀ ਦੇ ਮੇਲੇ ਦੇ ਪੂਰੇ ਦ੍ਰਿਸ਼ ਨੂੰ ਕਾਵਿਕ ਰੂਪ ਵਿੱਚ ਬਿਆਨ ਕੀਤਾ ਹੈ ਜਿਸ ਵਿੱਚ ਉਸ ਦਾ ਸਾਥ ਦਿੱਤਾ ਹੈ ਉਸ ਦੇ ਛੋਟੇ ਭਾਈ ਫ਼ਕੀਰ ਸਿੰਘ ਫ਼ਕੀਰ ਨੇ।

ਇਸ ਤੋਂ ਇਲਾਵਾ ਮੁਹੰਮਦ ਸਦੀਕ ਅਤੇ ਰਣਜੀਤ ਕੌਰ ਦੀ ਜੋੜੀ ਵੱਲੋਂ ਗਾਏ ਦੋਗਾਣੇ 'ਮੇਲਾ ਕੱਲ੍ਹ ਨੂੰ ਵਿਸਾਖੀ ਦਾ ਏ ਹਾਣੀਆ' ਅਤੇ 'ਹੋ ਜਾ ਬੱਲੀਏ ਤਿਆਰ ਆ ਗਈ ਏ ਵਿਸਾਖੀ ਸੁੱਖਾਂ ਸੁੱਖਦੇ ਨੂੰ', ਜਗਤ ਸਿੰਘ ਜੱਗਾ ਦਾ ਗਾਇਆ 'ਨਾਲੇ ਜੱਟ ਨੇ ਊਠਣੀ ਕੱਸ ਲੀ ਚੱਲਿਆ ਵਿਸਾਖੀ ਨੂੰ', ਬਲਕਾਰ ਸਿੱਧੂ ਦਾ 'ਵਿਸਾਖੀ ਵਾਲਾ ਮੇਲਾ ਲੱਗਿਆ, ਆਈ ਸਖੀਆ ਦੇ ਨਾਲ ਇੱਕ ਗੋਰੀ', ਪੰਮਾ ਡੂੰਮੇਵਾਲੀਆ ਦਾ ਗੀਤ 'ਵਿਸਾਖੀ ਵਾਲੇ ਦਿਨ ਸੰਗਤਾਂ 'ਚ ਖੜ੍ਹ ਕੇ', ਦਲਵਿੰਦਰ ਦਿਆਲਪੁਰੀ ਦਾ ਗੀਤ 'ਉੱਤੋਂ ਆ ਗਿਆ ਵਿਸਾਖ ਕਣਕਾਂ ਨੇ ਪੱਕੀਆਂ' ਮਕਬੂਲ ਗੀਤ ਹਨ ਜੋ ਵਿਸਾਖੀ ਦੇ ਤਿਉਹਾਰ ਨੂੰ ਬਹੁਤ ਖੂਬਸੂਰਤੀ ਨਾਲ ਚਿਤਰਿਤ ਕਰਦੇ ਹਨ।

ਅੰਗਰੇਜ ਸਿੰਘ ਵਿਰਦੀ
ਸੰਪਰਕ: 94646-28857










